# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ ਭਾਗ ਪਹਿਲਾ　　　　ਸਮੈਸਟਰ ਪਹਿਲਾ

ਪੇਪਰ : ਚੌਥਾ ਅਤੇ ਪੰਜਵਾਂ (ਟੀਚਿੰਗ ਆਫ ਪੰਜਾਬੀ)　　　　ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਸੁਣਨ ਤੇ ਸਮਝਣ ਕੌਸ਼ਲ ਅਤੇ ਮੌਖਿਕ ਕ੍ਰਿਆਵਾਂ

2.2 : ਪੜ੍ਹਨ ਦੀ ਸਿੱਖਿਆਂ

2.3 : ਲਿਖਣਾਂ ਸਿਖਾਉਣਾ


Website : www.pbidde.org

**ਪਾਠ ਨੰ: 2.1**

**Updated by Dr. Pushpinder Kaur on July, 2025**

## ਸੁਣਨ ਤੇ ਸਮਝਣ ਕੌਸ਼ਲ ਅਤੇ ਮੌਖਿਕ ਕ੍ਰਿਆਵਾਂ


2.1.0 ਬਣਤਰ
2.1.1 ਉਦੇਸ਼
2.1.2 ਜਾਣ-ਪਛਾਣ
2.1.3 ਭਾਸ਼ਾ ਸਿੱਖਿਆਂ ਵਿਚ ਸੁਣਨ ਤੇ ਸਮਝਣ ਦਾ ਮਹੱਤਵ
2.1.4 ਸੁਣਨ ਕੌਸ਼ਲ ਦਾ ਅਭਿਆਸ
2.1.5 ਸਵੈ ਅਭਿਆਸ
2.1.6 ਬੋਲਚਾਲ ਦੀ ਸਿੱਖਿਆ ਦੇ ਉਦੇਸ਼
2.1.7 ਮੌਖਿਕ ਕ੍ਰਿਆਵਾ ਦਾ ਮਹੱਤਵ
2.1.8 ਮੌਖਿਕ ਕ੍ਰਿਆਵਾਂ ਦਾ ਅਭਿਆਸ
2.1.9 ਅਸ਼ੁੱਧ ਉਚਾਰਨ ਦੇ ਕਾਰਨ
2.1.10 ਅਸ਼ੁੱਧ ਉਚਾਰਨ ਦੇ ਸੁਧਾਰ ਲਈ ਯਤਨ
2.1.11 ਸਾਰ
2.1.12 ਮੁੱਖ ਬਿੰਦੂ
2.1.13 ਸਵੈ ਮੁਲਾਂਕਣ
2.1.14 ਅਭਿਆਸੀ ਪ੍ਰਸ਼ਨ
2.1.15 ਸੁਝਾਈਆਂ ਪੁਸਤਕਾਂ


**2.1.1 ਉਦੇਸ਼ :**

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝਣ ਯੋਗ ਹੋ ਜਾਣਗੇ ਕਿ :

(i) ਸੁਣਨ ਕੌਸ਼ਲ ਕੀ ਹੁੰਦਾ ਹੈ?

(ii) ਜਮਾਤ ਵਿੱਚ ਸੁਣਨ ਕੌਸ਼ਲ ਦਾ ਕਿਸ ਤਰ੍ਹਾਂ ਅਭਿਆਸ ਕਰਵਾਇਆ ਜਾ ਸਕਦਾ ਹੈ?

(iii) ਮੌਖਿਕ ਕ੍ਰਿਆਵਾ ਕੀ ਹਨ

(iv) ਮੌਖਿਕ ਕ੍ਰਆਵਾ ਦਾ ਅਭਿਆਸ ਕਿਵੇਂ ਕਰਵਾਉਣਾ ਚਾਹੀਦਾ ਹੈ?

(v) ਬੱਚਿਆਂ ਦਾ ਉਚਾਰਨ ਅਸ਼ੁੱਧ ਕਿਉਂ ਹੁੰਦਾ ਹੈ ਤੇ ਉਸ ਵਿੱਚ ਕਿਸ ਤਰ੍ਹਾਂ ਸੁਧਾਰ ਕੀਤਾ ਜਾ ਸਕਦਾ ਹੈ?

**2.1.2 ਜਾਣ-ਪਛਾਣ :**

ਸੁਣਨ ਦਾ ਅਰਥ ਹੈ ਧਿਆਨ ਨਾਲ ਸੁਣ ਕੇ ਉਸ ਨੂੰ ਸਮਝਣਾ। ਜੇ ਬੱਚਾ ਜਾਂ ਵੱਡਾ ਵਿਅਕਤੀ ਕੋਈ ਗੱਲ ਸੁਣਦਾ ਹੈ ਪਰ ਉਸ ਨੂੰ ਸਮਝਦਾ ਨਹੀਂ ਕਿ ਕੀ ਬੋਲਿਆ ਗਿਆ ਹੈ ਤਾਂ ਉਸਨੂੰ ਸੁਣਨਾ ਨਹੀਂ ਕਿਹਾ ਜਾ ਸਕਦਾ। ਸੁਣਨ ਦੀ ਕਿਰਿਆ ਵਿੱਚ ਸਮਝਣ ਦੀ ਕਿਰਿਆ ਵੀ ਸਮਾਈ ਹੋਈ ਹੈ। ਇਸ ਤਰ੍ਹਾਂ ਸੁਣਨ ਦੀ ਕਿਰਿਆ ਅਤੇ ਸਮਝਣ ਦੀ ਕਿਰਿਆ ਇਕੋ ਕਿਰਿਆ ਦੇ ਦੋ ਜੁੜੇ ਹੋਏ ਭਾਗ ਹਨ। ਭਾਸ਼ਾ ਦੀ ਸਿੱਖਿਆ ਦੇਣ ਸਮੇਂ ਅਧਿਆਪਕ ਤੇ ਮਾਤਾ ਪਿਤਾ ਉਸ ਵਿੱਚ ਚਾਰ ਯੋਗਤਾਵਾਂ ਪੈਦਾ ਕਰਨੀਆਂ ਚਾਹੁੰਦੇ ਹਨ ਉਹਨਾਂ ਵਿਚੋਂ ਸੁਣਨ ਤੇ ਸਮਝਣ ਦੀ ਪਹਿਲੀ ਥਾਂ ਹੈ ਅਤੇ ਬੋਲਣਾ ਦੂਸਰੀ ਜਗ੍ਹਾਂ 'ਤੇ, ਪੜ੍ਹਨਾ ਤੀਜੇ 'ਤੇ ਅਤੇ ਲਿਖਣਾ ਸਭ ਤੋਂ ਅਖੀਰ ਵਿੱਚ ਆਉਂਦਾ ਹੈ।

ਇਹਨਾਂ ਚਾਰਾਂ ਪੱਧਰਾਂ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਇੱਕ ਦਾ ਕੰਮ ਦੂਸਰੇ 'ਤੇ ਨਾ ਕੇਵਲ ਅਧਾਰਿਤ ਹੀ ਹੈ ਸਗੋਂ ਆਪਸ ਵਿੱਚ ਇੱਕ ਦੂਸਰੇ ਦੀ ਸਹਾਇਤਾ ਵੀ ਕਰਦਾ ਹੈ। ਸੁਣਨਾ ਤੇ ਉਸ ਨੂੰ ਸਮਝਣਾ ਸਾਡੀ ਭਾਸ਼ਾ ਜਾਂ ਬੋਲੀ ਦਾ ਸਭ ਤੋਂ ਪਹਿਲਾ ਪੜਾਅ ਹੈ। ਨਿਰਸ਼ਾਖਰਤਾ ਦੇ ਕਾਰਨ ਪੁਰਾਣੇ ਸਮੇਂ ਵਿਚ ਬਹੁਤਾ ਕੰਮ ਮੌਖਿਕ ਹੀ ਚਲਦਾ ਸੀ। ਨਿੱਤ ਦਾ ਕਾਰ ਵਿਹਾਰ, ਲੈਣ-ਦੇਣ ਸਭ ਜ਼ਬਾਨੀ ਹੀ ਚਲਦਾ ਸੀ। ਇਥੋਂ ਤੱਕ ਕਿ ਕਿਸੇ ਵਿਅਕਤੀ ਨੇ ਭਾਵਿਕ ਹੋ ਕੇ ਕਿਸੇ ਗੀਤ ਦੀ ਰਚਨਾ ਕੀਤੀ ਤਾਂ ਉਹ ਵੀ ਸਦੀਆਂ ਤੱਕ ਪੀੜ੍ਹੀ ਦਰ ਪੀੜ੍ਹੀ ਜ਼ਬਾਨੀ ਹੀ ਤੁਰਿਆ ਗਿਆ। ਜ਼ਬਾਨੀ ਵਰਤੋਂ ਵਿਚ ਸੋਖਾ ਵੀ ਸੀ, ਸਮੇਂ ਦੀ ਬਚਤ ਵੀ ਰਹਿੰਦੀ ਸੀ। ਲੋਕ ਲਿਖਣ-ਪੜ੍ਹਨ ਦੇ ਕੰਮ ਵਿਚ ਨਹੀਂ ਸਨ ਪੈਂਦੇ। ਅਜੋਕੇ ਸਮੇਂ ਦੇ ਮਨੁੱਖ ਦਾ ਜੀਵਨ ਵਧੇਰੇ ਗੁੰਝਲਦਾਰ ਹੋ ਗਿਆ ਹੈ। ਜੇ ਉਹ ਸਭ ਜਬਾਨੀ ਯਾਦ ਰੱਖਣ ਦੀ ਕੋਸ਼ਿਸ਼ ਕਰੇ ਤਾਂ ਉਸ ਦੀ ਯਾਦਸ਼ਕਤੀ ਇਨ੍ਹਾਂ ਬੋਝ ਝੱਲ ਨਹੀਂ ਸਕਦੀ। ਉਸ ਨੂੰ ਲਿਖਣ ਪੜ੍ਹਨ ਦਾ ਆਸਰਾ ਲੈਣਾ ਹੀ ਪੈਂਦਾ ਹੈ। ਜੋ ਲੋਕ ਆਪ ਲਿਖ ਪੜ੍ਹ ਨਹੀਂ ਸਕਦੇ ਉਹਨਾਂ ਨੂੰ ਹੋਰਨਾ ਦਾ ਮੁਥਾਜ ਹੋਣਾ ਪੈਂਦਾ ਹੈ। ਫਿਰ ਵੀ ਸਾਡੇ ਜੀਵਨ ਅਤੇ ਸਿੱਖਿਆ ਵਿਚ ਮੌਖਿਕ ਕੰਮ ਦੀ ਲੋੜ ਬਿਲਕੁਲ ਖ਼ਤਮ ਨਹੀਂ ਹੋਈ ਇਸ ਦੀ ਵਿਸ਼ੇਸ਼ ਮਹਾਨਤਾ ਹੈ।

**2.1.3 ਪੰਜਾਬੀ ਭਾਸ਼ਾ ਸਿੱਖਿਆ ਵਿੱਚ ਸੁਣਨ ਤੇ ਸਮਝਣ ਕੌਸਲ ਦਾ ਮਹੱਤਵ :**

ਭਾਸ਼ਾ ਸਿੱਖਿਆ ਵਿੱਚ 'ਸੁਣਨ' ਤੋਂ ਭਾਵ ਹੈ ਧਿਆਨ ਨਾਲ ਸੁਣਕੇ ਉਸਨੂੰ ਸਮਝਣਾ। ਜੇਕਰ ਕੋਈ ਵਿਅਕਤੀ ਕੁਝ ਸੁਣਦਾ ਹੈ ਪਰ ਉਸ ਨੂੰ ਸਮਝਦਾ ਨਹੀਂ ਤਾਂ ਇਸ ਕ੍ਰਿਆ ਨੂੰ 'ਸੁਣਨਾ' ਨਹੀਂ ਕਿਹਾ ਜਾਵੇਗਾ। ਸੁਣਨਾ ਤੇ ਸਮਝਣਾ ਭਾਸ਼ਾ ਸਿੱਖਿਆ ਦੀਆਂ ਮੁੱਢਲੀਆਂ ਸ਼ਰਤਾਂ ਹਨ। ਬੱਚੇ ਦੇ ਭਾਸ਼ਾਈ ਵਿਕਾਸ ਵਿੱਚ ਸੁਣਨਾ ਤੇ ਸਮਝਣਾ ਪਹਿਲਾਂ ਹੋਂਦ ਵਿੱਚ ਆਉਂਦੇ ਹਨ ਤੇ ਬੋਲੀ ਉਸ ਤੋਂ ਬਾਅਦ ਵਿੱਚ ਹੋਂਦ ਆਉਂਦੀ ਹੈ। ਮਾਤ ਭਾਸ਼ਾ ਦੀ ਸਿੱਖਿਆ ਵਿੱਚ ਸੁਣਨ ਕੋਸ਼ਲ ਦਾ ਬਹੁਤ ਮਹੱਤਵ ਹੈ। ਬੱਚਾ ਸਭ ਤੋਂ ਪਹਿਲਾਂ ਆਪਣੇ ਆਸ ਪਾਸ ਦੇ ਲੋਕਾਂ ਨੂੰ ਸੁਣਦਾ ਹੈ ਤੇ ਮਾਤ ਭਾਸ਼ਾ ਸਿੱਖਦਾ ਹੈ। ਸਾਧਾਰਨ ਤੌਰ ਤੇ ਮਾਤ ਭਾਸ਼ਾ ਵਿੱਚ ਬੱਚੇ ਦੇ ਸੁਣਨ ਕੋਸ਼ਲ ਦਾ ਮਹੱਤਵ ਹੇਠ ਲਿਖੇ ਕਾਰਨਾਂ ਕਰਕੇ ਹੈ।

(ੳ) ਲੋਕਤੰਤਰੀ ਸਮਾਜ ਵਿੱਚ ਹਰੇਕ ਵਿਅਕਤੀ ਦੇ ਵਿਚਾਰਾਂ ਦਾ ਆਦਰ ਹੋਣਾ ਚਾਹੀਦਾ ਹੈ।

(ਅ) ਜੋ ਵਿਅਕਤੀ ਧਿਆਨ ਨਾਲ ਸੁਣਨ ਦੀ ਕਲਾ ਵਿੱਚ ਪ੍ਰਬੀਨ ਨਹੀਂ ਉਹ ਵਿਰੋਧੀਆਂ ਦੇ ਤਰਕ ਦਾ ਉੱਤਰ ਨਹੀਂ ਦੇ ਸਕਦਾ।

(ੲ) ਵਾਦ-ਵਿਵਾਦ ਮੁਕਾਬਲਿਆਂ ਵਿੱਚ ਸੁਣਨ ਕੋਸ਼ਲ ਦੇ ਪ੍ਰਯੋਗ ਦੀ ਝਲਕ ਦੇਖਣ ਨੂੰ ਮਿਲਦੀ ਹੈ।

(ਸ) ਲੋਕਤੰਤਰ ਵਿੱਚ ਆਪਣੇ ਵਿਰੋਧੀਆਂ ਦੇ ਵਿਚਾਰਾਂ ਨੂੰ ਧਿਆਨ ਪੂਰਵਕ ਸੁਣਨਾ ਚਾਹੀਦਾ ਹੈ ਤੇ ਪ੍ਰਤੀਕੂਲ ਮੱਤ ਦਾ ਸਵਾਗਤ ਕਰਨਾ ਚਾਹੀਦਾ ਹੈ।

(ਹ) ਜੋ ਵਿਅਕਤੀ ਸ਼ਾਤ ਰਹਿ ਕੇ ਦੂਸਰਿਆਂ ਦੀ ਗੱਲ ਸੁਣਦੇ ਤੇ ਸਮਝਦੇ ਹਨ। ਉਹ ਹੀ ਆਪਣੇ ਵਿਚਾਰਾਂ ਦੇ ਸਮਰਥਨ ਵਿੱਚ ਠੋਸ ਤਰਕ ਦੇ ਸਕਦੇ ਹਨ।

(ਕ) ਸਮਾਜ ਵਿੱਚ ਉਚੀ-ਉਚੀ ਚੀਕ ਕੇ ਗੱਲ ਕਰਨ ਦੇ ਮੁਕਾਬਲੇ, ਤਰਕ ਸ਼ਕਤੀ ਉਤੇ ਭਰੋਸਾਂ ਰੱਖਣ ਵਾਲੇ ਵਿਅਕਤੀ ਦੀ ਵਧੇਰੇ ਕਦਰ ਹੁੰਦੀ ਹੈ।

(ਖ) ਅਸੀਂ ਆਪਣੇ ਮੱਤ ਦਾ ਪ੍ਰਭਾਵ ਦੂਸਰਿਆਂ ਉਪਰ ਤਾਂ ਹੀ ਪਾ ਸਕਦੇ ਹਾਂ ਜੇ ਕਹਿਣ ਤੇ ਸੁਣਨ ਵਾਲਿਆਂ ਵਿੱਚ ਹੌਸਲੇ ਨਾਲ ਸੁਣਨ ਦੀ ਸਮੱਰਥਾ ਹੋਵੇ। ਤਰਕ ਦੀ ਘਾਟ ਵਿੱਚ ਅਵਾਜ਼ ਦੀ ਉੱਚਤਾ, ਝੁੰਝਲਾਹਟ ਖਿਝ ਅਦਿ ਔਗੁਣ ਪੈਦਾ ਹੋ ਜਾਂਦੇ ਹਨ।

ਇਸ ਤਰ੍ਹਾਂ ਸੁਣਨ ਕੌਸ਼ਲ ਦੀ ਹਰ ਖੇਤਰ ਵਿੱਚ ਮਹੱਤਤਾ ਹੈ। ਇਹ ਮਹੱਤਤਾ ਤਾਂ ਹੀ ਰਹਿ ਸਕਦੀ ਹੈ ਜੇ ਕਰ ਪ੍ਰਭਾਵਸ਼ਾਲੀ 'ਸੁਣਨ' ਲਈ ਕੁਝ ਸ਼ਰਤਾਂ ਦਾ ਪੂਰਾ ਧਿਆਨ ਰਖਿਆ ਜਾਵੇ ਜਿਵੇਂ ਕਿ (i) ਜੋ ਸੁਣਿਆ ਜਾਵੇ ਉਸ ਨੂੰ ਪੂਰੀ ਤਰ੍ਹਾਂ ਸਮਝਿਆ ਵੀ ਜਾਵੇ। ਅਣਸੁਣੀ ਗੱਲ ਹਮੇਸ਼ਾ ਅਧੂਰੀ ਰਹਿੰਦੀ ਹੈ। ਸਮਝਣ ਤੋਂ ਬਿਨਾਂ ਸੁਣਨ ਦਾ ਕੋਈ ਮਹੱਤਵ ਨਹੀਂ ਹੈ। (ii) ਜੋ ਕੁਝ ਸੁਣਿਆਂ ਜਾਵੇ ਉਹ ਬਿਲਕੁੱਲ ਠੀਕ ਰੂਪ ਵਿੱਚ ਸੁਣਿਆ ਜਾਵੇ। ਬੋਲੀ ਹੋਈ ਗੱਲ ਨੂੰ ਠੀਕ ਰੂਪ ਵਿੱਚ ਸੁਣਕੇ ਹੀ ਬੱਚਾ ਆਪਣੀ ਪ੍ਰਤੀਕ੍ਰਿਆ ਜ਼ਾਹਰ ਕਰ ਸਕਦਾ ਹੈ। (iii) ਜੋ ਕੁਝ ਸੁਣਿਆ ਜਾਵੇ ਉਸਦਾ ਸੁਣਨ ਵਾਲੇ ਦੇ ਦਿਲ ਤੇ ਚੰਗਾ ਪ੍ਰਭਾਵ ਪਵੇ। ਇਸ ਗੱਲ ਦਾ ਮਾਤ ਭਾਸ਼ਾ ਸਿੱਖਿਆ ਵਿੱਚ

ਬਹੁਤ ਮਹੱਤਵ ਹੈ। ਜੇ ਕੋਈ ਗਲ ਸੁਣ ਕੇ ਬੱਚਾ ਡਰ ਜਾਂ ਸਹਿਮ ਜਾਂਦਾ ਹੈ ਤਾਂ ਇਸ ਨੂੰ ਪ੍ਰਭਾਵਸ਼ਾਲੀ ਸੁਣਨਾ ਨਹੀਂ ਕਿਹਾ ਜਾਵੇਗਾ।

**2.1.4 ਸੁਣਨ ਕੌਸ਼ਲ ਦਾ ਅਭਿਆਸ :**

ਬੱਚਿਆਂ ਵਿੱਚ ਸੁਣਨ ਕੌਸ਼ਲ ਦਾ ਵਿਕਾਸ ਕਰਨ ਲਈ ਅਸੀਂ ਹੇਠ ਲਿਖੇ ਅਨੁਸਾਰ ਅਭਿਆਸ ਕਰਵਾ ਸਕਦੇ ਹਾਂ।

**2.1.4.1 ਆਪਸੀ ਗੱਲਬਾਤ :**

ਜਦੋਂ ਅਸੀਂ ਆਪਸ ਵਿੱਚ ਗੱਲਬਾਤ ਕਰਦੇ ਹਾਂ ਤਾਂ ਇੱਕ ਵਿਅਕਤੀ ਦੂਸਰੇ ਦੀ ਗੱਲ ਧਿਆਨ ਨਾਲ ਸੁਣਕੇ ਸਮਝਕੇ ਉਸਦਾ ਉੱਤਰ ਦਿੰਦਾ ਹੈ। ਇਸ ਤਰ੍ਹਾਂ ਦੂਸਰੇ ਦੀ ਗੱਲ ਸੁਣਕੇ ਉਸ ਵਿੱਚ ਸਮਝਣ ਦੀ ਯੋਗਤਾ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਬੱਚਿਆਂ ਦੀ ਵੀ ਆਪਸ ਵਿੱਚ ਗੱਲਬਾਤ ਕਰਵਾ ਕੇ ਉਸ ਵਿੱਚ ਸੁਣਨ ਕੌਸ਼ਲ ਦਾ ਵਿਕਾਸ ਕੀਤਾ ਜਾ ਸਕਦਾ ਹੈ। ਬੱਚਿਆਂ ਦੇ ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖਕੇ, ਜਮਾਤ ਵਿੱਚ ਹੀ, ਆਪਸੀ ਗਲਬਾਤ ਦਾ ਅਭਿਆਸ ਕਰਵਾਇਆ ਜਾ ਸਕਦਾ ਹੈ।

**2.1.4.2 ਛੋਟੇ ਭਾਸ਼ਣਾ ਦੀ ਲੜੀ :**

ਵਿਦਿਆਰਥੀਆਂ ਵਲੋਂ ਜਮਾਤ ਵਿੱਚ ਦਿੱਤੇ ਜਾਣ ਵਾਲੇ ਛੋਟੇ-ਛੋਟੇ ਭਾਸ਼ਾਵਾਂ ਦੀ ਲੜੀ ਆਰੰਭ ਕਰਨੀ ਚਾਹੀਦੀ ਹੈ। ਇਸ ਦੁਆਰਾ ਹਰੇਕ ਵਿਦਿਆਰਥੀ ਨੂੰ ਇਹ ਮੌਕਾ ਦਿੱਤਾ ਜਾਵੇ ਕਿ ਉਹ ਆਪਣੇ ਸਹਿਪਾਠੀਆਂ ਸਾਹਮਣੇ ਕਿਸੇ ਵਿਸ਼ੇ ਤੇ ਵਾਰੋ ਵਾਰੀ ਆਪਣੇ ਵਿਚਾਰ ਖੋਲ੍ਹ ਕੇ ਪੇਸ਼ ਕਰਨ। ਬਾਕੀ ਸਾਰੇ ਬੱਚਿਆਂ ਨੂੰ ਇਹ ਕਿਹਾ ਜਾਵੇ ਕਿ ਉਹ ਹਰ ਇੱਕ ਬੁਲਾਰੇ ਨੂੰ ਧਿਆਨ ਨਾਲ ਸੁਣਨ ਤੇ ਨੋਟ ਕਰਨ। ਬਾਅਦ ਵਿੱਚ ਇਨਾਂ ਸਾਰੇ ਭਾਸ਼ਣਾ ਨੂੰ ਆਧਾਰ ਬਣਾਕੇ ਉਨ੍ਹਾਂ ਨੂੰ ਉਸ ਵਿਸ਼ੇਸ਼ ਵਿਸ਼ੇ ਬਾਰੇ ਲੇਖ ਲਿਖਣ ਲਈ ਕਿਹਾ ਜਾ ਸਕਦਾ ਹੈ ਜਾਂ ਇਸ ਉਪਰ ਉਨ੍ਹਾਂ ਦੀ ਆਪਸੀ ਗੱਲਬਾਤ ਵੀ ਕਰਵਾਈ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਵਿਦਿਆਰਥੀ ਉਹਨਾਂ ਭਾਸ਼ਣਾ ਨੂੰ ਧਿਆਨ ਨਾਲ ਸੁਣਨਗੇ।

**2.1.4.3 ਬੋਲ ਲਿਖਤ :**

ਬੱਚਿਆਂ ਵਿੱਚ ਸੁਣਨ ਯੋਗਤਾ ਵਿਕਸਿਤ ਕਰਨ ਲਈ ਬੋਲ ਲਿਖਤ ਇੱਕ ਵਧੀਆ ਸਾਧਨ ਹੈ। ਇਸ ਵਿੱਚ ਬੱਚੇ ਪਹਿਲਾਂ ਸੁਣਦੇ ਹਨ ਅਤੇ ਫਿਰ ਲਿਖਦੇ ਹਨ। ਬੋਲ ਲਿਖਤ ਨੂੰ ਸਾਧਾਰਨ ਭਾਸ਼ਾ ਵਿੱਚ ਜ਼ੁਬਾਨੀ ਲਿਖਾਈ ਵੀ ਕਿਹਾ ਜਾਂਦਾ ਹੈ। ਇਸ ਵਿੱਚ ਅਧਿਆਪਕ ਬੋਲਦਾ ਹੈ ਤੇ ਸਾਰੇ ਵਿਦਿਆਰਥੀ ਉਸਨੂੰ ਸੁਣਕੇ ਲਿਖਦੇ ਹਨ। ਇਸ ਵਿੱਚ ਪਹਿਲਾਂ ਸਾਰੇ ਵਿਦਿਆਰਥੀਆਂ ਨੂੰ ਸਿਰਫ਼ ਸੁਣਨ ਲਈ ਕਿਹਾ ਜਾਂਦਾ ਹੈ ਫਿਰ ਉਸ ਦਾ ਕੇਂਦਰੀ ਭਾਵ ਸਮਝਣ ਲਈ ਕਿਹਾ ਜਾਂਦਾ ਹੈ। ਤਾਂ ਕਿ ਵਿਦਿਆਰਥੀ ਮਾਨਸਿਕ ਤੌਰ ਤੇ ਉਸ ਨੂੰ ਲਿਖਣ ਲਈ ਤਿਆਰ ਹੋ ਸਕਣ। ਲਿਖਾਉਣ ਸਮੇਂ ਵਕਤਾ ਨੂੰ ਉੱਚੀ ਆਵਾਜ਼ ਵਿੱਚ ਧੀਮੀ ਗਤੀ ਵਰਤਣੀ ਚਾਹੀਦੀ ਹੈ। ਉਚਾਰਨ ਸ਼ੁੱਧ ਤੇ ਸਪੱਸ਼ਟ ਹੋਣਾ ਚਾਹੀਦਾ ਹੈ। ਲਿਖਾਉਣ ਤੋਂ ਬਾਅਦ ਲਿਖਣ ਸਮੱਗਰੀ ਨੂੰ ਕੁਝ ਤੇਜ਼ ਗਤੀ ਵਿੱਚ ਦੁਹਰਾਉਣਾ ਚਾਹੀਦਾ ਹੈ। ਤਾਂ ਕਿ ਜੇਕਰ ਕਿਸੇ ਵਿਦਿਆਰਥੀ ਦੇ ਕੁਝ ਸ਼ਬਦ ਰਹਿ ਗਏ ਤਾਂ ਉਹ ਦੁਬਾਰਾ ਲਿਖ ਸਕੇ। ਸਭ ਤੋਂ ਜ਼ਰੂਰੀ ਹੈ ਕਿ ਲਿਖਾਉਣ ਤੋਂ ਬਾਅਦ ਬੋਲ ਲਿਖਤ ਦੀ ਸੁਧਾਈ ਜ਼ਰੂਰ ਕਰਨੀ ਚਾਹੀਦੀ ਹੈ। ਤੇ ਅਸ਼ੁੱਧ ਸ਼ਬਦਾ ਨੂੰ ਦੁਬਾਰਾ ਸ਼ੁੱਧ ਕਰਕੇ ਲਿਖਣ ਲਈ ਕਿਹਾ ਜਾ ਸਕਦਾ ਹੈ।

ਸਹੀ, ਸੁਣਕੇ ਤੇ ਸਮਝਕੇ ਲਿਖਣਾ ਸਿਖਾਉਣ ਲਈ ਬੋਲ ਲਿਖਤ ਦਾ ਬਹੁਤ ਮਹੱਤਵ ਹੈ। ਇਸ ਨਾਲ ਵਿਦਿਆਰਥੀਆਂ ਨੂੰ ਧਿਆਨ ਨਾਲ ਸੁਣਨ ਦੀ ਆਦਤ ਪੈਦਾ ਹੁੰਦੀ ਹੈ। ਭਾਸ਼ਾ ਸਮਝਣ ਤੇ ਲਿਖਣ ਦਾ ਮੌਕਾ ਮਿਲਦਾ ਹੈ। ਵਿਦਿਆਰਥੀਆਂ ਨੂੰ ਸ਼ਬਦ-ਜੋੜਾਂ ਦੀ ਸਿੱਖਿਆ ਮਿਲਦੀ ਹੈ। ਬੋਲ ਲਿਖਤ ਨਾਲ ਸੁਣਕੇ ਲਿਖਣ ਦੀ ਗਤੀ ਵਧਦੀ ਹੈ ਅਤੇ ਚੰਗੀ ਲਿਖਾਈ ਦੇ ਗੁਣ ਵੀ ਵਿਕਸਿਤ ਹੁੰਦੇ ਹਨ। ਬੋਲ ਲਿਖਤ ਦਾ ਮਹੱਤਵ ਤਾਂ ਹੀ ਹੈ ਜੇਕਰ ਅਧਿਆਪਕ ਬੋਲ ਲਿਖਤ ਲਿਖਾਉਣ ਸਮੇਂ ਧਿਆਨ ਰਖੇ ਕਿ ਇਸ ਲਈ ਚੁਣਿਆ ਗਿਆ ਪੈਰਾਂ ਬੱਚਿਆਂ ਦੇ ਮਾਨਸਿਕ ਪੱਧਰ ਦੇ ਅਨੁਕੂਲ ਹੈ ਅਤੇ ਬੱਚਿਆਂ ਦੀ ਰੁਚੀ ਦੇ ਅਨੁਸਾਰ ਹੋਵੇ। ਵਕਤਾ ਜਮਾਤ ਵੱਲ ਮੂੰਹ ਕਰਕੇ ਖੜ੍ਹਾ ਹੋਵੇ ਤੇ ਲਿਖਾਉਣ ਤੋਂ ਪਹਿਲਾਂ ਬੱਚਿਆਂ ਦੇ ਬੈਠਣ, ਸੁਣਨ ਦੇ ਢੰਗ ਤੇ ਕਾਪੀਆਂ ਪੈਨ ਦੀ ਜਾਂਚ ਕਰ ਲਵੇ। ਗਲਤੀਆਂ ਦੀ

ਸੁਣਾਈ ਵੀ ਉਸੀ ਸਮੇਂ ਕਰਨੀ ਚਾਹੀਦੀ ਹੈ।

**2.1.4.4 ਰੇਡੀਓ ਪ੍ਰੋਗਰਾਮ :**

ਰੇਡੀਓ ਸੁਣਨਾ ਵੀ ਸੁਣਨ ਕੋਸ਼ਲ ਦਾ ਬਹੁਤ ਵਧੀਆ ਅਭਿਆਸ ਹੈ। ਰੇਡੀਓ ਉਤੇ ਭਿੰਨ-ਭਿੰਨ ਪ੍ਰਕਾਰ ਦੇ ਸਕੂਲੀ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਰਹਿੰਦੇ ਹਨ। ਇਨ੍ਹਾਂ ਪ੍ਰੋਗਰਾਮ ਨੂੰ ਜਮਾਤ ਵਿੱਚ ਬੱਚਿਆਂ ਨੂੰ ਸੁਣਾਇਆ ਜਾ ਸਕਦਾ ਹੈ। ਇਹ ਪਾਠ ਨਾਲ ਸੰਬੰਧਤ ਵਿਸ਼ੇ ਜਾਂ ਕਿਸੇ ਪ੍ਰਸਿੱਧ ਵਿਅਕਤੀ ਦਾ ਭਾਸ਼ਣ ਵੀ ਹੋ ਸਕਦਾ ਹੈ। ਵਿਦਿਆਰਥੀਆਂ ਨੂੰ ਇਸ ਦੀਆਂ ਮੁੱਖ ਗੱਲਾਂ ਨੋਟ ਕਰਨ ਲਈ ਕਿਹਾ ਜਾ ਸਕਦਾ ਹੈ। ਬਾਅਦ ਵਿੱਚ ਅਧਿਆਪਕ ਉਨ੍ਹਾਂ ਤੋਂ ਇਸ ਬਾਰੇ ਪ੍ਰਸ਼ਨ ਪੁੱਛ ਸਕਦਾ ਹੈ। ਇਸ ਤੋਂ ਬੱਚਿਆਂ ਦੀ ਸੁਣਨ ਤੇ ਸਮਝਣ ਦੀ ਸ਼ਕਤੀ ਦਾ ਪਤਾ ਲਗਦਾ ਹੈ।

**2.1.4.5 ਭਾਸ਼ਾ-ਸਹਾਇਕ ਕਿਰਿਆਵਾਂ :**

ਸਕੂਲ ਵਿੱਚ ਭਾਸ਼ਾ ਨਾਲ ਸੰਬੰਧਤ ਕਿਰਿਆਵਾਂ ਵੀ ਕਰਵਾਈਆਂ ਜਾ ਸਕਦੀਆਂ ਹਨ। ਜਿਵੇਂ ਕਿ ਵਾਦ-ਵਿਵਾਦ, ਕਵਿਤਾ-ਉਚਾਰਨ, ਭਾਸ਼ਣ ਆਦਿ ਇਸ ਨਾਲ ਵੀ ਬੱਚਿਆਂ ਦੀ ਸੁਣਨ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਕੋਈ ਇੱਕ ਵਿਦਿਆਰਥੀ ਕਵਿਤਾ ਬੋਲਦਾ ਹੈ ਜਾਂ ਭਾਸ਼ਣ ਦਿੰਦਾ ਹੈ ਤਾਂ ਸਾਰੇ ਵਿਦਿਆਰਥੀ ਸੁਣਦੇ ਹਨ। ਬਾਅਦ ਵਿੱਚ ਉਸ ਭਾਸ਼ਣ ਤੇ ਵਾਦ ਵਿਵਾਦ ਕਰਵਾਇਆ ਜਾ ਸਕਦਾ ਹੈ ਤਾਂ ਕਿ ਪਤਾ ਲਗੇ ਕਿ ਬੱਚਿਆਂ ਦੇ ਕਿੰਨੇ ਕੁ ਧਿਆਨ ਨਾਲ ਸੁਣਿਆ ਹੈ।

**2.1.4.6 ਭਾਸ਼ਾ ਸੰਬੰਧੀ ਸਹਾਇਕ ਸਮੱਗਰੀ ਦੀ ਵਰਤੋਂ :**

ਸਕੂਲ ਵਿੱਚ ਅਧਿਆਪਕ ਬੱਚਿਆਂ ਨੂੰ ਸੁਣਨ-ਕੋਸ਼ਲ ਵਿੱਚ ਮਾਹਰ ਬਣਾਉਣ ਲਈ ਤਰ੍ਹਾਂ-ਤਰ੍ਹਾਂ ਦੇ ਭਾਸ਼ਾ ਸੰਬੰਧੀ ਦੇਖਣ-ਸੁਣਨ ਸਾਧਨਾ ਦੀ ਵਰਤੋਂ ਕਰ ਕਸਦਾ ਹੈ। ਜਿਵੇਂ ਕਿ : (ੳ) ਗ੍ਰਾਮੋਫੋਨ ਰਾਹੀਂ ਵੀ ਵਿਦਿਆਰਥੀਆਂ ਨੂੰ ਮਹਾਪੁਰਖਾਂ ਦੇ ਭਾਸ਼ਣਾ ਤੇ ਉਪਦੇਸ਼ਾਂ ਦਾ ਰਿਕਾਰਡ ਸੁਣਾ ਕੇ ਬੱਚਿਆਂ ਵਿੱਚ ਸੁਣਨ ਕੋਸ਼ਲ ਵਧਾਈਆਂ ਜਾ ਸਕਦਾ ਹੈ। (ਅ) ਸਿਨੇਮੇ ਤੇ ਟੈਲੀਵੀਜ਼ਨ ਦੁਆਰਾ ਬੱਚਿਆਂ ਨੂੰ ਆਵਾਜ਼ ਦੇ ਨਾਲ-ਨਾਲ ਦ੍ਰਿਸ਼ ਵੀ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਦੇਖਣ ਨਾਲ ਤੇ ਸੁਣਨ ਨਾਲ ਉਨ੍ਹਾਂ ਦੀਆਂ ਗਿਆਨ ਇੰਦਰੀਆਂ ਪ੍ਰਭਾਵਿਤ ਹੁੰਦੀਆਂ ਹਨ। (ੲ) ਭਾਸ਼ਾ ਸਿੱਖਿਆ ਵਿੱਚ ਟੇਪ ਰਿਕਾਰਡ ਦਾ ਬਹੁਤ ਮਹੱਤਵ ਹੈ। ਇਸ ਦੀ ਸਹਾਇਤਾ ਨਾਲ ਅਧਿਆਪਕ ਕੋਈ ਵੀ ਪ੍ਰੋਗਰਾਮ ਰਿਕਾਰਡ ਕਰਕੇ ਬੱਚਿਆਂ ਨੂੰ ਜਮਾਤ ਸਮੇਂ ਸੁਣਾ ਸਕਦਾ ਹੈ। ਇਹ ਸੁਣਨ ਸ਼ਕਤੀ ਵਧਾਉਣ ਦਾ ਸਭ ਤੋਂ ਵਧੀਆ ਸਾਧਨ ਹੈ। ਇਹਨਾਂ ਅਭਿਆਸ ਨਾਂਲ ਅਸੀਂ ਬੱਚਿਆਂ ਦੀ ਸੁਣਨ ਸ਼ਕਤੀ ਵਿੱਚ ਵਾਧਾ ਕਰ ਸਕਦੇ ਹਾਂ ਤੇ ਬੱਚਿਆਂ ਵਿੱਚ ਸੁਣਨ ਕੋਸ਼ਲ ਪੈਦਾ ਕਰਕੇ ਵਿਕਸਿਤ ਕਰ ਸਕਦੇ ਹਾਂ।

**2.1.5 ਸਵੈ ਅਭਿਆਸ :**

(1) ਸੁਣਨ ਕੋਸ਼ਲ ਤੋਂ ਕੀ ਭਾਵ ਹੈ ?

________________________________________

________________________________________

________________________________________

(2) ਬੋਲ ਲਿਖਤ ਸਮੇਂ ਤੁਸੀਂ ਕਿਹੜੀਆਂ ਗੱਲਾਂ ਧਿਆਨ ਵਿੱਚ ਰਖੋਗੇ ?

________________________________________

________________________________________

________________________________________

(3) ਤੁਸੀਂ ਸੁਣਨ ਕੋਸ਼ਲ ਦਾ ਅਭਿਆਸ ਕਿਵੇਂ ਕਰਵਾਓਗੇ ?

________________________________________

________________________________________

________________________________________

**2.1.6 ਬੋਲਚਾਲ ਦੇ ਦਾ ਉਦੇਸ਼ :**

ਬੋਲਚਾਲ ਕਿਵੇਂ ਕਰਵਾਉਣਾ ਹੈ ਇਸ ਲਈ ਅਧਿਆਪਕ ਕੁਝ ਉਦੇਸ਼ ਮਿਥਦਾ ਹੈ। ਜੋ ਇਸ ਤਰ੍ਹਾਂ ਹਨ।

**2.1.6.1 ਬੋਲਣ ਦੀ ਝਿਜਕ ਜਾਂ ਝਾਕਾ ਖੋਲ੍ਹਣਾ**

ਕਈ ਵਿਦਿਆਰਥੀ ਪੜ੍ਹਾਈ ਵਿਚ ਬੜੇ ਲਾਇਕ ਹੁੰਦੇ ਹਨ। ਪਰੀਖਿਆ ਵਿਚ ਚੰਗੇ ਨੰਬਰ ਲੈਂਦੇ ਹਨ, ਪਰੰਤੂ ਜਦ ਸਟੇਜ ਉਤੇ ਆ ਕੇ ਦੋ ਵਾਕ ਕਹਿਣੇ ਹੁੰਦੇ ਹਨ ਉਹਨਾ ਦਾ ਰੰਗ ਪੀਲਾ ਭੂਕ ਹੋ ਜਾਂਦਾ ਹੈ, ਲੱਤਾਂ ਕੰਬਣ ਲੱਗ ਪੈਂਦੀਆਂ ਹਨ। ਇਸਦਾ ਕਾਰਨ ਸਟੇਜ ਝਾਕਾ ਹੈ, ਜਿਸ ਦੇ ਕਾਰਨ ਉਨ੍ਹਾਂ ਅੰਦਰ ਹੀਣਤਾ ਭਾਵ ਉਤਪੰਨ ਹੋ ਗਏ ਹੁੰਦੇ ਹਨ। ਅਜਿਹੇ ਸੰਗਾਊ ਬੱਚਿਆਂ ਦਾ ਝਾਕਾ ਖੋਲ੍ਹਣਾ ਮੌਖਿਕ ਪ੍ਰਗਟਾਅ ਸੰਬੰਧੀ ਪ੍ਰੋਗਰਾਮ ਦਾ ਜ਼ਰੂਰੀ ਹਿੱਸਾ ਹੈ।

**2.1.6.2 ਸਵੈ-ਪ੍ਰਗਟਾਵੇ ਦੀ ਯੋਗਤਾ ਪੈਦਾ ਕਰਨਾ**

ਬੱਚਿਆਂ ਨੂੰ ਅਜਿਹਾ ਬਣਾਉਣਾ ਹੈ ਕਿ ਉਹ ਸਹਿਜ ਸੁਭਾ ਹੀ ਬਿਨ੍ਹਾਂ ਕਿਸੇ ਬਨਾਵਟੀ ਉਚੇਚ ਦੇ, ਸ਼ੁੱਧ ਤੇ ਸਰਲ ਭਾਸ਼ਾ ਵਿਚ ਆਪਣੇ ਨਿੱਜੀ ਤਜਰਬੇ, ਨਿੱਤ ਅਨੁਭਵ, ਹੱਡਬੀਤੀਆਂ, ਦੁੱਖ-ਸੁੱਖ ਖੁਸ਼ੀ ਅਤੇ ਗਮੀ ਦੇ ਸੰਦੇਸ਼ ਇਕ ਦੂਜੇ ਨਾਲ ਸਾਂਝੇ ਕਰ ਸਕਣ। ਇਹ ਤਜ਼ਰਬੇ, ਨਿੱਤ ਦੀ ਸਧਾਰਣ ਬੋਲ ਚਾਲ ਰਾਹੀਂ ਜਾਂ ਕਿਸੇ ਭਾਸ਼ਣ ਦੇ ਰੂਪ ਵਿਚ ਪ੍ਰਗਟਾਏ ਜਾ ਸਕਦੇ ਹਨ।

**2.1.6.3 ਪ੍ਰਭਾਵਸ਼ਾਲੀ ਬੋਲਚਾਲ ਵਿਕਸਤ ਕਰਨਾ**

ਜੀਵਨ ਵਿਚ ਸਫਲਤਾ ਲਈ ਵਿਦਿਆਰਥੀਆਂ ਦੀ ਬੋਲ-ਚਾਲ ਵਿਚ ਯੁਕਤੀ, ਦਲੀਲ ਅਤੇ ਪ੍ਰਭਾਵਸ਼ਾਲੀ ਅਸਰ ਪੈਦਾ ਕਰਨਾ ਜ਼ਰੂਰੀ ਹੈ। ਉਹ ਹਰੇਕ ਗੱਲ ਸੋਚ ਸਮਝ ਕੇ, ਵਿਸ਼ੇ ਦੇ ਅਨੁਕੂਲ ਰਹਿੰਦਿਆਂ ਹੋਇਆਂ, ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਣ, ਉਹਨਾਂ ਦੀ ਦਲੀਲ ਵਿਚ ਜ਼ੋਰ ਹੋਵੇ ਤਾਂ ਜੋ ਸੁਣਨ ਵਾਲਾ ਪ੍ਰਭਾਵਤ ਹੋ ਸਕੇ।

**2.1.6.4 ਵਿਚਾਰਾਂ ਨੂੰ ਕ੍ਰਮਿਕ ਬਣਾਉਣਾ**

ਆਖਰੀ ਦਲੀਲ, ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਬੋਲਣ ਸਮੇਂ ਵਿਦਿਆਰਥੀ ਆਪਣੇ ਵਿਚਾਰਾਂ ਨੂੰ ਲੜੀਵਾਰ ਪ੍ਰਗਟ ਕਰ ਸਕੇ, ਉਹ ਜੋ ਕਹਿਣਾ ਚਾਹੁੰਦਾ ਹੈ, ਤਰਤੀਬਬੱਧ ਕਰਕੇ ਕਹੇ। ਲੜੀਵਾਰ ਪ੍ਰਗਟਾਏ ਗਏ ਵਿਚਾਰ ਵੀ ਪ੍ਰਭਾਵਸ਼ਾਲੀ ਹੁੰਦੇ ਹਨ।

**2.1.6.5 ਬੋਲਚਾਲ ਦੀ ਤਕਨੀਕ ਜਾਂ ਚੱਜ ਵਿਕਸਿਤ ਕਰਨਾ**

ਬੱਚੇ ਨੂੰ ਆਪਣੇ ਹਾਵ ਭਾਵ ਪ੍ਰਗਟਾਉਣ ਦੀ ਜਾਂਚ ਹੋਵੇ, ਜੇ ਖੁਸ਼ੀ ਦਾ ਮੌਕਾ ਹੈ ਤਾਂ ਉਸਦੀ ਬੋਲਚਾਲ ਵਿਚੋਂ ਹੁਲਾਸ ਤੇ ਖੇੜਾ ਟਪਕੇ। ਜੇ ਗਮੀ ਦਾ ਮੌਕਾ ਹੈ ਤਾਂ ਉਸ ਦੇ ਮੂੰਹੋ ਨਿਕਲੇ ਹੋਏ ਸ਼ਬਦ ਹਮਦਰਦੀ ਭਰੇ ਗਮਗੀਨ ਵਾਤਾਵਰਣ ਦੀ ਉਸਾਰੀ ਵਿਚ ਆਪਣਾ ਹਿੱਸਾ ਪਾਉਣ, ਬੋਲਣ ਸਮੇਂ, ਲੋੜ ਅਨੁਸਾਰ, ਆਵਾਜ ਵਿਚ ਉਤਾਰ ਚੜਾਅ ਆ ਜਾਵੇ। ਉਹ ਸਮੇਂ ਅਨੁਸਾਰ ਹਰ ਤਰ੍ਹਾਂ ਦਾ ਨਾਟਕੀ ਅੰਦਾਜ਼ ਨਿਭਾ ਸਕਣ।

**2.1.6.6 ਸ਼ਬਦ ਭੰਡਾਰ ਵਿਚ ਵਾਧਾ ਕਰਨਾ :**

ਬੱਚਿਆਂ ਪਾਸ ਇੰਨਾ ਕੁ ਸ਼ਬਦ-ਭੰਡਾਰ ਜ਼ਰੂਰ ਹੋਵੇ ਕਿ ਹਾਵ-ਭਾਵ ਅਨੁਸਾਰ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ।

**2.1.6.7 ਸਰਲਤਾ ਅਤੇ ਸੁਭਾਵਿਕਤਾ ਵਿਕਸਿਤ ਕਰਨਾ**

ਬੋਲ ਚਾਲ ਸਾਧਾਰਨ, ਸਰਲ, ਆਪ ਮੁਹਾਰੀ ਤੇ ਬਨਾਵਟ ਰਹਿਤ ਹੋਣੀ ਚਾਹੀਦੀ ਹੈ। ਗੱਲ ਵਿਚੋਂ ਗੱਲ ਇਉਂ ਨਿਕਲਦੀ ਜਾਵੇ ਜਿਵੇਂ ਪੂਣੀ ਵਿਚੋਂ ਤੰਦ। ਚਾਲ, ਪ੍ਰਭਾਵ ਨੂੰ ਮੁੱਖ ਰੱਖ ਕੇ ਮੱਧਮ ਤੇ ਤੇਜ਼ ਹੋ ਸਕਦੀ ਹੈ। ਖੁਰਚ ਕੇ, ਲੱਭ ਲੱਭ ਕੇ ਸ਼ਬਦ ਲਿਆਉਣ ਦੀ ਲੋੜ ਨਹੀਂ, ਸਗੋਂ ਪਾਣੀ ਦੀ ਕੁਦਰਤੀ ਵਹਿਣ ਵਾਂਗ ਬੋਲੀ ਦਾ ਪ੍ਰਵਾਹ ਜਾਰੀ ਰਹਿਣਾ ਚਾਹੀਦਾ ਹੈ। ਇਸ ਵਿਚ ਸਹਿਜ ਸੁਭਾਵਿਕਤਾ ਹੈ। ਰੱਟਾ ਲਾ ਕੇ ਯਾਦ ਕਰਨ ਦੀ ਮਜ਼ਬੂਰੀ ਨਹੀਂ ਹੋਣੀ ਚਾਹੀਦੀ।

ਬੱਚੇ ਨੂੰ ਸਕੂਲ ਅਤੇ ਘਰ ਦੇ ਵਾਤਾਵਰਣ ਵਿਚ ਬਹੁਤਾ ਅੰਤਰ ਮਹਿਸੂਸ ਨਾ ਹੋਵੇ। ਵਿਸ਼ੇਸ਼ ਕਰਕੇ ਛੋਟੇ ਬੱਚਿਆਂ ਲਈ ਇਹ ਬੜਾ ਜ਼ਰੂਰੀ ਹੈ। ਸਕੂਲ ਵਾਤਾਵਰਣ ਵਿਚ ਬਹੁਤ ਹੱਦ ਤੱਕ ਅਧਿਆਪਕ ਦੇ ਨਿੱਜੀ ਸੁਭਾਅ ਅਤੇ

ਬੱਚਿਆਂ ਪ੍ਰਤੀ ਉਸਦੇ ਸਲੀਕੇ ਉੱਤੇ ਨਿਰਭਰ ਕਰਦਾ ਹੈ। ਛੋਟੇ ਬੱਚੇ ਨੂੰ ਪੈਰ ਪੈਰ ਤੇ ਅਧਿਆਪਕ ਦੀ ਅਗਵਾਈ ਦੀ ਲੋੜ ਹੈ। ਅਗਵਾਈ ਲੈਣ ਲਈ ਉਹ ਅਧਿਆਪਕ ਪਾਸ ਜਾਣ ਦਾ ਤਦੇ ਹੀਆ ਕਰੇਗਾ ਜੇਕਰ ਉਸ ਨੂੰ ਹਮਦਰਦੀ ਤੇ ਪਿਆਰ ਮਿਲਣ ਦੀ ਸੰਭਾਵਨਾ ਹੋਵੇਗੀ। ਬੋਲਚਾਲ ਦੀ ਸਿੱਖਿਆ ਵਿਚ ਅਧਿਆਪਕ ਦਾ ਹਮਦਰਦੀ ਭਰਿਆ ਸਲੀਕਾ ਵਿਸ਼ੇਸ਼ ਅਹਿਮੀਅਤ ਰੱਖਦਾ ਹੈ।

**2.1.7 ਮੌਖਿਕ ਕ੍ਰਿਆਵਾ ਦਾ ਮਹੱਤਵ :**

ਸੁਣਨ ਤੋਂ ਬਾਅਦ ਬੋਲਣ ਦਾ ਪੜਾਅ ਆਉਂਦਾ ਹੈ। ਅਧਿਆਪਕ ਵਿਦਿਆਰਥੀ ਨੂੰ ਸਮੇਂ-ਸਮੇਂ ਤੇ ਬੋਲਣ ਲਈ ਉਤਸਾਹਿਤ ਕਰਦਾ ਹੈ। ਇਸ ਨੂੰ ਹੀ ਮੌਖਿਕ ਪ੍ਰਗਟਾਅ ਕਿਹਾ ਜਾਂਦਾ ਹੈ। ਇਸ ਦਾ ਮਹੱਤਵ ਭਾਸ਼ਾਈ ਵਿਕਾਸ ਵਿੱਚ ਬਹੁਤ ਜ਼ਿਆਦਾ ਹੈ ਜਿਵੇਂ ਕਿ :

(ੳ) ਬੋਲਣ ਦਾ ਕੰਮ ਲਿਖਣ ਨਾਲੋਂ ਸੌਖਾ ਅਤੇ ਵਧੇਰੇ ਪ੍ਰਭਾਵਸ਼ਾਲੀ ਹੈ। ਲਿਖਣ ਨਾਲੋਂ ਬੋਲ ਕੇ ਵਧੇਰੇ ਗੂੜ੍ਹਾ ਪ੍ਰਭਾਵ ਪਾਇਆ ਜਾ ਸਕਦਾ ਹੈ। ਬੋਲਣ ਨਾਲ ਤੁਹਾਡੇ ਚਿਹਰੇ ਦੇ ਹਾਵ-ਭਾਵ ਹੱਥਾਂ ਦੇ ਇਸ਼ਾਰੇ ਤੇ ਹੋਰ ਲੁਕਵੇਂ ਸੰਕੇਤ ਸਹਾਈ ਹੁੰਦੇ ਹਨ। ਬੋਲਣ ਸਮੇਂ ਤੁਹਾਡੀ ਸਖਸ਼ੀਅਤ ਦਾ ਪਰਤੱਖ ਪ੍ਰਭਾਵ ਪੈ ਰਿਹਾ ਹੁੰਦਾ ਹੈ। ਇਹੋ ਕਾਰਨ ਹੈ ਕਿ ਅਸੀਂ ਆਪਣੇ ਸੱਜਣਾਂ ਮਿੱਤਰਾਂ ਨਾਲ ਜਦ ਕੋਈ ਜ਼ਰੂਰੀ ਵਿਚਾਰ ਵਟਾਂਦਰਾ ਕਰਨਾ ਹੁੰਦਾ ਹੈ ਤਾਂ ਲਿਖ ਕੇ ਭੇਜਣ ਨਾਲੋਂ ਜ਼ਬਾਨੀ ਗੱਲਬਾਤ ਕਰਨ ਨੂੰ ਵਧੇਰੇ ਚੰਗਾ ਸਮਝਦੇ ਹਾਂ। ਮੁਕਾਬਲੇ ਦੇ ਇਮਤਿਹਾਨਾਂ ਵਿਚ ਸਕੂਲਾਂ, ਕਾਲਜਾਂ, ਦੇ ਦਾਖਲੇ ਸਮੇਂ, ਕਿਸੇ ਅਸਾਮੀ ਵਾਸਤੇ ਢੁਕਵੇਂ ਵਿਅਕਤੀ ਦੀ ਚੋਣ ਕਰਨ ਸਮੇਂ, ਰਿਸ਼ਤੇ ਨਾਤੇ ਜੋੜਨ ਸਮੇਂ, ਆਹਮੋ-ਸਾਹਮਣੀ ਗੱਲਬਾਤ ਨੂੰ ਵਧੇਰੇ ਮਾਨਤਾ ਦਿੱਤੀ ਜਾਂਦੀ ਹੈ।

(ਅ) ਅੱਜ ਦਾ ਲੋਕ-ਰਾਜੀ ਯੁੱਗ, ਪਰਾਪੇਗੰਡੇ ਦਾ ਯੁੱਗ ਹੈ। ਇਕ ਚੰਗਾ ਵਿਅਕਤੀ ਆਪਣੀ ਬੋਲਚਾਲ ਦੇ ਪ੍ਰਭਾਵ ਨਾਲ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਬਣਾ ਕੇ ਵਿਖਾ ਸਕਦਾ ਹੈ। ਸਿਆਣਾ ਆਗੂ ਆਪਣੇ ਭਾਸ਼ਣ ਵਿਚ ਜਾਦੂ ਭਰਕੇ ਜਨਤਾ ਨੂੰ ਪਿਛੇ ਲਾ, ਰਾਜਸੀ ਖੇਤਰ ਵਿਚ ਮੱਲਾਂ ਮਾਰ ਸਕਦਾ ਹੈ।

(ੲ) ਇਕ ਸਾਧਾਰਣ ਨਾਗਰਿਕ ਦੇ ਨਾਤੇ ਕੋਈ ਵਿਅਕਤੀ ਉਨ੍ਹਾਂ ਹੀ ਸਫਲ ਹੈ ਜਿੰਨੀ ਉਸ ਦੀ ਬੋਲਬਾਲ ਵਿਚ ਮਿਠਾਸ, ਹੁਲਾਸ ਤੇ ਸਿਆਣਪ ਪ੍ਰਗਟਦੀ ਹੈ। ਕਿਸੇ ਨਾਲ ਦੋ ਚਾਰ ਮਿੰਟ ਗੱਲਬਾਤ ਕਰਨ ਨਾਲ ਉਸ ਦੀ ਵਿਚਾਰਧਾਰਾ ਸੋਚ-ਪੱਧਰ ਤੇ ਉਸ ਦੀ ਸਮੁੱਚੀ ਸ਼ਖਸੀਅਤ ਦਾ ਅੰਦਾਜ਼ਾ ਲੱਗ ਜਾਂਦਾ ਹੈ। ਹਾਸਾ, ਠੱਠਾ, ਕੋਮਲ ਮਜ਼ਾਕ, ਹਮਦਰਦੀ ਭਰੇ ਬੋਲ, ਸਮੇਂ ਅਨੁਕੂਲ ਆਪਣੇ ਵਿਚਾਰਾ ਨੂੰ ਸੁਚੱਜੇ ਸ਼ਬਦਾਂ ਰਾਹੀਂ ਪ੍ਰਗਟਾਅ ਸਕਣ ਦੀ ਯੋਗਤਾ ਇਕ ਸਾਧਾਰਣ ਵਿਅਕਤੀ ਦੀ ਸ਼ਖ਼ਸੀਅਤ ਦਾ ਚੰਗਾ ਪਹਿਲੂ ਪੇਸ਼ ਕਰਦੇ ਹਨ।

(ਸ) ਸਿੱਖਿਆ ਖੇਤਰ ਵਿਚ ਬੋਲਚਾਲ ਦਾ ਸਥਾਨ ਮਹਤੱਵਪੂਰਨ ਹੈ। ਬੱਚੇ ਦੀ ਭਾਸ਼ਾ ਯੋਗਤਾ ਦਾ ਮੁੱਢਲਾ ਪੱਧਰ ਬੋਲ-ਚਾਲ ਹੀ ਹੈ। ਸਾਰੀਆਂ ਕਿਰਿਆਵਾਂ ਬੋਲਚਾਲ ਰਾਹੀਂ ਸੰਪੂਰਨ ਹੁੰਦੀਆਂ ਹਨ। ਚੰਗੇ ਸਕੂਲ ਛੋਟੇ ਬੱਚੇ ਨੂੰ ਸ਼ੁਰੂ ਸ਼ੁਰੂ ਵਿਚ ਪੜ੍ਹਨ ਅਤੇ ਲਿਖਣ ਦੀ ਖੇਚਲ ਵਿਚ ਨਹੀਂ ਪਾਉਂਦੇ, ਨਿਰੋਲ ਜ਼ਬਾਨੀ ਕੰਮ ਕਰਵਾਉਂਦੇ ਹਨ। ਬੋਲ ਚਾਲ ਵਿਚ ਯੋਗਤਾ ਪ੍ਰਾਪਤ ਕਰਨ ਉਪਰੰਤ ਫਿਰ ਪੜ੍ਹਨ ਲਿਖਣ ਵੱਲ ਲਾਇਆ ਜਾਂਦਾ ਹੈ। ਇਉਂ ਲਿਖਣ ਪੜ੍ਹਨ ਦੇ ਕੰਮ ਵਿਚ ਬੋਲਚਾਲ ਰਾਹੀਂ ਸਹਾਇਤਾ ਮਿਲਦੀ ਹੈ। ਸਿੱਖਿਅਕ ਬੋਲਚਾਲ ਅਤੇ ਲਿਖਣ ਦੇ ਕੰਮ ਵਿਚ ਨੇੜੇ ਦੀ ਸਾਂਝ ਦੱਸਦੇ ਹੋਏ ਇਸ ਗੱਲ ਦੀ ਸਿਫਾਰਸ਼ ਕਰਦੇ ਹਨ ਕਿ ਬੱਚਿਆਂ ਨੂੰ ਲਿਖਤੀ ਕੰਮ ਕਰਵਾਉਣ ਤੋਂ ਪਹਿਲਾਂ ਵਸਤੂ ਸੰਬੰਧੀ ਮੌਖਿਕ ਪ੍ਰਗਟਾਵੇਂ ਦੇ ਵਿਸ਼ੇਸ਼ ਮੌਕੇ ਦਿੱਤੇ ਜਾਣ।

(ਹ) ਬੋਲਚਾਲ ਰਾਹੀਂ ਭਾਸ਼ਾ ਨੂੰ ਕਿਰਿਆਤਮਕ ਰੂਪ ਮਿਲ ਜਾਂਦਾ ਹੈ ਤੇ ਇਉਂ ਸਿੱਖਿਆ ਦਾ ਕੰਮ ਸਰਲ ਹੋ ਜਾਂਦਾ ਹੈ। ਬੋਲਣ ਅਤੇ ਸੁਣਨ ਵਿਚ ਭਾਸ਼ਾ ਯੋਗਤਾ ਵਧਦੀ ਹੈ। ਬੱਚਾ, ਮਾਤਬੋਲੀ

ਆਪਣੇ ਆਲੇ ਦੁਆਲੇ ਵਿਚੋਂ ਬੋਲਚਾਲ ਅਤੇ ਸੁਣਨ ਰਾਹੀਂ ਸਿੱਖਦਾ ਹੈ। ਉਹ ਹੋਰਨਾਂ ਨੂੰ ਬੋਲਦਿਆਂ ਸੁਣਦਾ ਹੈ, ਨਕਲ ਕਰਦਾ ਹੈ, ਆਪ ਬੋਲਦਾ ਹੈ ਅਤੇ ਇਉਂ ਹੌਲੀ ਹੌਲੀ ਉਸ ਦੀ ਬੋਲਚਾਲ ਵਿਚ ਸਰਲਤਾ ਆਉਂਦੀ ਹੈ। ਅਸੀਂ ਆਪਣੇ ਸਕੂਲਾਂ ਵਿੱਚ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਵਧੇਰੇ ਸਮਾਂ ਲਾਉਂਦੇ ਹਾਂ, ਉਨ੍ਹਾਂ ਦਾ ਉਚਾਰਨ ਸੋਧਦੇ ਹਾਂ, ਸ਼ਬਦ ਜੋੜ ਠੀਕ ਕਰਦੇ ਹਾਂ, ਵਿਆਕਰਣ ਦੀਆਂ ਭੁੱਲਾਂ ਸੋਧਦੇ ਹਾਂ ਫਿਰ ਵੀ ਉਨ੍ਹਾਂ ਦੀ ਭਾਸ਼ਾ ਸਰਲ ਅਤੇ ਸ਼ੁੱਧ ਨਹੀਂ ਬਣਦੀ। ਇਸ ਦਾ ਵਿਸ਼ੇਸ਼ ਕਾਰਨ ਹੈ ਕਿ ਬੱਚਿਆਂ ਨੂੰ ਆਪਣੇ ਆਲੇ ਦੁਆਲੇ ਵਿਚ ਅੰਗਰੇਜ਼ੀ ਬੋਲਣ ਦਾ ਵਾਤਾਵਰਣ ਨਹੀਂ ਮਿਲਦਾ ਅਤੇ ਨਾ ਹੀ ਉਨ੍ਹਾਂ ਨੂੰ ਅੰਗਰੇਜ਼ੀ ਬੋਲਣ ਦੇ ਮੌਕੇ ਹੀ ਮਿਲਦੇ ਹਨ, ਇਉਂ ਕਈ ਸਾਲਾਂ ਦੀ ਮਿਹਨਤ ਦੇ ਬਾਵਜੂਦ ਵੀ, ਉਹ ਸ਼ੁੱਧ ਅੰਗਰੇਜ਼ੀ ਬੋਲਣ ਅਤੇ ਲਿਖ ਸਕਣ ਦੀ ਸਮਰਥਾ ਨਹੀਂ ਵਿਕਸਿਤ ਕਰ ਪਾਉਂਦੇ।

(ਕ) ਸਿੱਖਿਆ ਦਾ ਮਨੋਰਥ ਬੱਚੇ ਦੀ ਸ਼ਖਸੀਅਤ ਨੂੰ ਬਹੁਪੱਖੀ ਰੂਪ ਵਿੱਚ ਉਸਾਰਨਾ ਤੇ ਪ੍ਰਫੁਲਤ ਕਰਨਾ ਹੈ। ਸੁਚੱਜੀ ਬੋਲਚਾਲ ਮਨੁੱਖੀ ਸ਼ਖਸੀਅਤ ਦਾ ਇੱਕ ਅਹਿਮ ਪਹਿਲੂ ਹੈ।

**2.1.8 ਮੌਖਿਕ ਕ੍ਰਿਆਵਾ ਦੀ ਯੋਗਤਾ ਵਾਸਤੇ ਅਭਿਆਸ :**

ਜਮਾਤ ਵਿੱਚ ਮੌਖਿਕ ਪ੍ਰਗਟਾਅ ਕਰਵਾਉਣ ਲਈ ਅਧਿਆਪਕ ਹੇਠ ਲਿਖੇ ਅਭਿਆਸ ਕਰਵਾ ਸਕਦਾ ਹੈ।

**2.1.8.1 ਘਰਾਂ ਦੀਆਂ ਖਬਰਾਂ ਸੁਣਾਉਣਾ :**

ਬੱਚਾ ਕੁੱਝ ਸੁਣਨ ਲਈ ਉਤਸੁਕ ਹੁੰਦਾ ਹੈ ਅਤੇ ਕੁੱਝ ਸੁਣਾਉਣ ਲਈ ਵੀ। ਜੇ ਸਕੂਲ ਅੰਦਰ ਖੁੱਲਾ ਵਾਤਾਵਰਣ ਹੈ ਤਾਂ ਬੱਚਾ ਚਾਈਂ ਚਾਈਂ ਨਵੀਆਂ ਗੱਲਾਂ ਸੁਣਾਉਣ ਦਾ ਸ਼ੌਕ ਪ੍ਰਗਟ ਕਰੇਗਾ। ਜੋ ਕੁੱਝ ਉਸਨੇ ਵੇਖਿਆ ਹੈ, ਜੋ ਨਵਾਂ ਤਜ਼ਰਬਾ ਉਸ ਨੂੰ ਹੋਇਆ ਹੈ, ਸਭ ਆਪਣੇ ਸਾਥੀਆ ਅਤੇ ਅਧਿਆਪਕਾਂ ਨਾਲ ਸਾਂਝਾ ਕਰਨਾ ਚਾਹੇਗਾ। ਸ਼ੁਰੂ ਸ਼ੁਰੂ ਵਿਚ ਘਰ ਦੀਆਂ ਖਬਰਾਂ, ਫਿਰ ਆਂਢ-ਗੁਆਂਢ ਤੇ ਗਲੀ-ਮੁਹੱਲੇ ਦੀਆਂ ਖਬਰਾਂ ਉਸਦਾ ਵਿਸ਼ਾ ਬਣਨਗੀਆਂ। ਘਰ ਵਿਚ ਕੋਈ ਸਮਾਗਮ ਰਚਿਆ ਗਿਆ ਹੈ, ਵੱਡੇ ਭਰਾ ਦੀ ਮੰਗਣੀ ਕੀਤੀ ਗਈ ਹੈ, ਕੋਈ ਚਾਹ ਪਾਰਟੀ ਹੋਈ, ਕਿਸੇ ਦੇ ਘਰ ਖਾਣਾ ਖਾਧਾ ਹੈ, ਘਰ ਵਿੱਚ ਨਵਾਂ ਜੀਵ ਆਇਆ ਹੈ, ਆਦਿ ਨਿੱਕੇ ਨਿੱਕੇ ਵਿਸ਼ੇ ਬੱਚਿਆਂ ਦੀਆਂ ਖਬਰਾਂ ਦਾ ਮਜ਼ਮੂਨ ਹੋਣਗੇ। ਛੋਟੇ ਬੱਚੇ ਦਾ ਝਾਕਾ ਖੋਲਣ ਲਈ ਅਤੇ ਉਸਦੇ ਜਤਨ ਵਿਚ ਮੌਲਿਕਤਾ ਭਰਨ ਲਈ ਇਹ ਅਭਿਆਸ ਬੜਾ ਲਾਭਦਾਇਕ ਹੈ। ਅਧਿਆਪਕ ਨੇ ਇਸ ਗੱਲ ਵੱਲ ਧਿਆਨ ਦੇਣਾ ਹੈ ਕਿ ਹਰੇਕ ਬੱਚੇ ਨੂੰ ਮੌਕਾ ਮਿਲੇ। ਕਈ ਵਾਰ ਸੰਗਾਊ ਬੱਚੇ ਪਿਛਾਂਹ ਰਹਿੰਦੇ ਹੋਏ ਅਧਿਆਪਕ ਪਾਸੋਂ ਅੱਖ ਬਚਾ ਜਾਂਦੇ ਹਨ। ਅਜਿਹੇ ਬੱਚੇ ਅਧਿਆਪਕ ਦਾ ਉਚੇਚਾ ਧਿਆਨ ਮੰਗਦੇ ਹਨ। ਅਧਿਆਪਕ ਉਹਨਾ ਨਾਲ ਨੇੜਤਾ ਪੈਦਾ ਕਰ ਕੇ, ਅਜਿਹਾ ਉਤਸ਼ਾਹ ਭਰਿਆ ਵਾਤਾਵਰਣ ਉਸਾਰੇ ਕਿ ਉਹਨਾਂ ਦਾ ਝਾਕਾ ਦੂਰ ਹੋ ਜਾਵੇ।

**2.1.8.2 ਵਸਤੂਆਂ ਦਾ ਵਰਣਨ**

ਇਸ ਅਭਿਆਸ ਨੂੰ ਵੀ ਛੋਟੀਆ ਜਮਾਤਾਂ ਵਿਚ ਸ਼ੁਰੂ ਕਰਕੇ ਉੱਚੀ ਤੋਂ ਉੱਚੀ ਪੱਧਰ ਤੱਕ ਵਰਤਿਆ ਜਾ ਸਕਦਾ ਹੈ। ਛੋਟੇ ਬੱਚਿਆਂ ਵਾਸਤੇ ਵਸਤੂ ਵੀ ਬੜੀ ਸਾਧਾਰਨ ਹੋਵੇਗੀ। ਕੋਈ ਖਿਡੌਣਾ ਜਮਾਤ ਵਿਚ ਲੈ ਆਉ, ਉਸ ਉੱਤੇ ਭਾਸ਼ਣ ਹੋ ਜਾਵੇ। ਸ਼ੁਰੂ ਸ਼ੁਰੂ ਵਿਚ ਅਧਿਆਪਕ ਨੂੰ ਆਪ ਸਾਹਮਣੇ ਆ ਕੇ, ਨਮੂਨੇ ਵਜੋਂ ਅਗਵਾਈ ਦੇਣੀ ਪਵੇਗੀ। ਇਕ ਦੋ ਵਾਰ ਅਧਿਆਪਕ ਆਪ ਨਮੂਨੇ ਵਜੋਂ ਕਹਿ ਦੇਵੇ ਤੇ ਫਿਰ ਬੱਚਿਆਂ ਤੋਂ ਉਹੋ ਜਿਹੇ ਵਾਕ ਬਣਾਉਣਾ ਜਿਵੇਂ ਕੁੱਤਾ, ਬਿੱਲੀ, ਸਹਿਆ, ਘੋੜਾ, ਗਊ, ਹਾਥੀ ਆਦਿ ਜਾਨਵਰਾਂ ਦੇ ਮਾਡਲਾਂ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ। ਹਰ ਰੋਜ਼ ਇਕ ਨਵਾਂ ਖਿਡੌਣਾ ਜਮਾਤ ਵਿਚ ਲਿਆਂਦਾ ਜਾਵੇ ਤੇ ਉਸ ਉੱਤੇ ਬੱਚੇ ਵਾਕ ਬਣਾ ਕੇ ਬੋਲਣ। ਇਸ ਅਵਸਥਾ ਵਿਚ ਭਾਸ਼ਾ ਦੀ ਸ਼ੁੱਧਤਾ ਦਾ ਪੱਖ ਧਿਆਨ ਵਿਚ ਨਾ ਲਿਆਂਦਾ ਜਾਵੇ। ਜੇ ਕਿਸੇ ਸ਼ਬਦ ਦਾ ਉੱਚਾਰਣ ਠੀਕ ਨਹੀਂ ਤਾਂ ਬੱਚੇ ਉਸ ਨੂੰ ਦੁਬਾਰਾ ਬੋਲਣ, ਤਾਂ ਜੋ ਉਨ੍ਹਾਂ ਦਾ ਝਾਕਾ ਖੁੱਲ੍ਹੇ ਅਤੇ ਸਟੇਜ-ਭੈਅ ਦੂਰ ਹੋਵੇ। ਉੱਪਰਲੀਆਂ ਸ਼੍ਰੇਣੀਆਂ ਵਿਚ ਜਾ ਕੇ ਵਿਸ਼ੇ ਵਧੇਰੇ ਗੰਭੀਰ ਤੇ ਉੱਚ ਪੱਧਰ ਦੇ ਚੁਣੇ ਜਾ ਸਕਦੇ ਹਨ। ਕਿਸੇ

ਅੱਖੀ ਡਿੱਠੇ ਮੇਲੇ ਦਾ ਹਾਲ ਨਿਰੋਲ ਅਨੁਭਵੀ ਵਿਸ਼ੇ ਇਸ ਵਿਚ ਸ਼ਾਮਿਲ ਹੋ ਜਾਣਗੇ।

**2.1.8.3 ਕਹਾਣੀ ਸੁਣਾਉਣਾ**

ਕਹਾਣੀਆਂ ਸੁਣਨ ਦੀ ਰੀਝ ਮਨੁੱਖ ਵਿਚ ਹਮੇਸ਼ਾ ਹੁੰਦੀ ਹੈ। ਪਰੰਤੂ ਬਚਪਨ ਵਿਚ ਇਹ ਵਧੇਰੇ ਪ੍ਰਬਲ ਹੁੰਦੀ ਹੈ। ਛੋਟੇ ਬੱਚੇ ਬੜੇ ਚਾਅ ਨਾਲ ਕਹਾਣੀਆਂ ਸੁਣਦੇ ਹਨ ਅਤੇ ਕਹਾਣੀਆਂ ਸੁਣਾਉਣ ਦੀ ਰੀਝ ਅਧਿਆਪਕ ਨੇ ਉਹਨਾਂ ਅੰਦਰ ਜਾਗਰਤ ਕਰਨੀ ਹੈ। ਬੱਚੇ ਘਰਾਂ ਵਿਚ ਆਪਣੇ ਭੈਣ ਭਰਾਵਾਂ ਪਾਸੋਂ, ਦਾਦੀਆਂ, ਨਾਨੀਆਂ ਪਾਸੋਂ ਭਾਂਤ ਭਾਂਤ ਦੀਆਂ ਕਹਾਣੀਆਂ ਸੁਣਦੇ ਹਨ, ਉਨ੍ਹਾਂ ਨੂੰ ਯਾਦ ਰੱਖਦੇ ਹਨ ਅਤੇ ਮੌਕਾ ਮਿਲਣ ਤੇ ਹੋਰਾਂ ਨੂੰ ਵੀ ਸੁਣਾਉਂਦੇ ਹਨ ਕਹਾਣੀਆਂ ਸੁਣਾਉਣ ਸਮੇਂ ਉਹਨਾ ਦਾ ਭਾਸ਼ਾ ਪ੍ਰਗਟਾਅ ਆਪਣੀ ਪੱਧਰ ਦਾ ਹੋਵੇਗਾ। ਕਈ ਅਧੂਰੇ ਵਾਕ ਜੋੜ ਜੋੜ ਕੇ ਕੋਈ ਗੱਲ ਬਣਾਉਣ ਦਾ ਯਤਨ ਕਰਨਗੇ, ਸੁਣਾਉਣ ਸਮੇਂ ਕਈ ਤੰਦ ਹੱਥੋਂ ਲੁੜਕ ਜਾਣਗੇ। ਕਈ ਘਟਨਾਵਾਂ ਧਿਆਨ ਵਿਚੋਂ ਆਉਣੋਂ ਰਹਿ ਜਾਣਗੀਆਂ। ਅਧਿਆਪਕ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਹੋਣੀ ਚਾਹੀਦੀ (ਅਭਿਆਸ ਤਜ਼ਰਬੇ ਅਤੇ ਸਿਆਣੀ ਅਗਵਾਈ ਨਾਲ ਸੱਭ ਕੁੱਝ ਠੀਕ ਹੋ ਜਾਵੇਗਾ) ਅਧਿਆਪਕ ਦਾ ਫਰਜ਼ ਹੈ ਕਿ ਲੋੜੀਂਦੇ ਸਾਧਨਾਂ ਦੀ ਵਰਤੋਂ ਕਰਕੇ ਬੱਚਿਆਂ ਦੇ ਕਹਾਣੀ ਭੰਡਾਰ ਨੂੰ ਭਰਪੂਰ ਕਰਦਾ ਰਹੇ। ਬੱਚਿਆਂ ਨੂੰ ਸੁਆਦਲੀਆਂ ਕਹਾਣੀਆਂ ਪੁਸਤਕਾਂ ਤੇ ਰਸਾਲੇ ਪੜ੍ਹਨ ਲਈ ਦਿੱਤੇ ਜਾਣ। ਉਹ ਕਹਾਣੀਆਂ ਪੜ੍ਹਨਗੇ, ਯਾਦ ਰੱਖਣਗੇ ਅਤੇ ਫਿਰ ਸਾਥੀਆਂ ਨੂੰ ਸੁਣਾਉਣਗੇ।

ਨਵੀਆਂ ਕਹਾਣੀਆਂ ਆਪ ਬਣਾ ਲੈਣ ਦੀ ਪ੍ਰੇਰਣਾ ਤੇ ਸਿੱਖਿਆ ਬੱਚਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਕੁੱਝ ਸੰਕੇਤ ਉਹਨਾਂ ਦੇ ਸਾਹਮਣੇ ਪੇਸ਼ ਕੀਤੇ ਜਾਣ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਕਹਾਣੀਆਂ ਤਿਆਰ ਕਰਨ। ਇਸ ਪ੍ਰਕਾਰ ਦੇ ਨਮੂਨੇ ਸ਼ੁਰੂ ਸ਼ੁਰੂ ਵਿਚ ਅਧਿਆਪਕ ਆਪ ਉਹਨਾਂ ਦੇ ਸਾਹਮਣੇ ਪੇਸ਼ ਕਰੇਗਾ। ਸੰਕੇਤਾਂ ਦੀ ਮਦਦ ਦੇ ਨਾਲ ਕਹਾਣੀਆਂ ਬਣਾ ਕੇ ਦੱਸੇਗਾ। ਸੰਕੇਤ ਦੀ ਮਦਦ ਨਾਲ ਕਹਾਣੀ ਦਾ ਢਾਂਚਾ ਪੂਰਾ ਕਰਨ ਲਈ ਪ੍ਰਸ਼ਨ-ਉੱਤਰ ਵਿਧੀ ਵਰਤੋਂ ਵਿਚ ਲਿਆਂਦੀ ਜਾ ਸਕਦੀ ਹੈ। ਅਧਿਆਪਕ ਕਹਾਣੀ ਨਾਲ ਸੰਬੰਧਿਤ ਘਟਨਾਵਾਂ ਬਾਰੇ ਪ੍ਰਸ਼ਨ ਪੁੱਛੇ ਤੇ ਵਿਦਿਆਰਥੀਆਂ ਤੇ ਉੱਤਰਾਂ ਨੂੰ ਤਰਤੀਬ ਦੇ ਕੇ ਕਹਾਣੀ ਦਾ ਢਾਂਚਾ ਤਿਆਰ ਕਰਵਾਏ। ਅਧਿਆਪਕ ਕਹਾਣੀ ਸੁਣਾਉਂਦਾ ਹੋਇਆ ਅਧੂਰੀ ਛੱਡ ਦੇਵੇ ਤੇ ਉਸ ਨੂੰ ਮੁਕੰਮਲ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਨਾ ਦੇਵੇ। ਬੱਚਿਆ ਨੂੰ ਆਪਣੀ ਹੱਡ ਬੀਤੀਆਂ ਸੁਣਾਉਣ ਦੀ ਪ੍ਰੇਰਣਾ ਕੀਤੀ ਜਾਵੇ। ਉਨ੍ਹਾਂ ਦੇ ਜੀਵਨ ਵਿਚ ਆਲੇ-ਦੁਆਲੇ ਵਾਪਰੀ ਹੋਈ ਘਟਨਾ ਕਹਾਣੀ-ਰਸ ਬੰਨ੍ਹਦਿਆਂ ਹੋਇਆ ਸੁਣਾਈ ਜਾ ਸਕਦੀ ਹੈ। ਇਸ ਪਾਸੇ ਵੀ ਅਧਿਆਪਕ ਨੂੰ ਆਪ ਪਹਿਲ ਕਰਨੀ ਪਵੇਗੀ ਅਤੇ ਹੱਡ-ਬੀਤੀਆਂ ਵਾਰਤਾਵਾਂ ਨੂੰ ਸੁਆਦਲਾ ਬਣਾ ਕੇ ਕਹਾਣੀ ਰੂਪ ਵਿਚ ਪੇਸ਼ ਕਰਨ ਦੀ ਸਿੱਖਿਆ ਦੇਣੀ ਪਵੇਗੀ।

**2.1.8.4 ਨਿੱਕੇ ਭਾਸ਼ਣ**

ਭਾਸ਼ਣ ਦੇਣ ਦਾ ਕੰਮ ਛੋਟੀਆਂ ਜਮਾਤਾਂ ਤੋਂ ਹੀ ਸ਼ੁਰੂ ਹੋ ਜਾਣਾ ਚਾਹੀਦਾ ਹੈ। ਸ਼ੁਰੂ ਵਿਚ, ਵਿਸ਼ੇ ਬੜੇ ਸਾਧਾਰਨ ਸਰਲ ਤੇ ਸੌਖੇ ਹੋਣ ਤੇ ਭਾਸ਼ਣ ਵੀ ਛੋਟਾ ਹੀ ਹੋਵੇ। ਉੱਪਰਲੀਆਂ ਸ਼੍ਰੇਣੀਆਂ ਵਿਚ ਵਿਸ਼ਿਆ ਦੀ ਗੰਭੀਰਤਾ ਅਤੇ ਭਾਸ਼ਣ ਦਾ ਆਕਾਰ ਵਿਦਿਆਰਥੀਆਂ ਦੀ ਪੱਧਰ ਅਨੁਸਾਰ ਵੱਡਾ ਕੀਤਾ ਜਾ ਸਕਦਾ ਹੈ। ਵਿਦਿਆਰਥੀ ਕਿਸ ਵਿਸ਼ੇ ਉੱਤੇ ਭਾਸ਼ਣ ਦੇਣ। ਇਸਦਾ ਨਿਰਣਾ ਬਹੁਤ ਹੱਦ ਤੱਕ ਬੋਲਣ ਵਾਲੇ ਨੇ ਆਪ ਕਰਨਾ ਹੈ। ਵਿਸ਼ੇ-ਚੋਣ ਕਿਸੇ ਹਾਲਤ ਵਿਚ ਵੀ ਵਿਦਿਆਰਥੀ ਉੱਤੇ ਮੜ੍ਹਿਆ ਨਾ ਜਾਵੇ। ਉਸਨੂੰ ਆਪਣੇ ਭਾਸ਼ਣ ਲਈ ਵਿਸ਼ੇ ਦੀ ਚੋਣ ਕਰਨ ਦੀ ਪੂਰੀ ਖੁੱਲ ਹੋਵੇ ਜਾਂ ਅਧਿਆਪਕ ਬੱਚਿਆਂ ਦੀ ਸਲਾਹ ਨਾਲ ਇਕ ਸੂਚੀ ਤਿਆਰ ਕਰ ਲਵੇ। ਉਸ ਸੂਚੀ ਵਿਚੋਂ ਆਪੋ ਆਪਣੇ ਸ਼ੌਕ ਨੂੰ ਮੁੱਖ ਰੱਖਕੇ ਵਿਦਿਆਰਥੀ ਵਿਸ਼ੇ ਦੀ ਚੋਣ ਕਰ ਲੈਣ। ਹਰ ਹਾਲਤ ਵਿਚ ਵਿਸ਼ੇ ਬਾਰੇ ਵਿਦਿਆਰਥੀ ਦੀ ਪ੍ਰਵਾਨਗੀ ਜ਼ਰੂਰੀ ਹੈ।

ਭਾਸ਼ਣ ਦੀ ਤਿਆਰੀ ਵਾਸਤੇ ਬੱਚੇ ਨੂੰ ਖੁੱਲ੍ਹਾ ਸਮਾਂ ਮਿਲਣਾ ਚਾਹੀਦਾ ਹੈ। ਵਿਸ਼ੇ ਦੀ ਚੋਣ ਕਰਨ ਤੋਂ ਉਪਰੰਤ ਉਹ ਅਧਿਆਪਕ ਦੀ ਸਲਾਹ ਨਾਲ ਪੁਸਤਕਾਲੇ 'ਚੋਂ ਕੁੱਝ ਕਿਤਾਬਾਂ ਲੈ ਕੇ ਪੜ੍ਹੇ ਅਤੇ ਸਮੇਂ ਨੂੰ ਮੁੱਖ ਰੱਖਕੇ ਭਾਸ਼ਣ ਤਿਆਰ ਕਰੇ। ਲੋੜ ਪੈਣ ਸਮੇਂ ਅਧਿਆਪਕ ਦੀ ਸਹਾਇਤਾ ਲੈ ਲਈ ਜਾਵੇ। ਸ਼ੁਰੂ ਵਿਚ ਵਿਦਿਆਰਥੀਆਂ ਵਲੋਂ ਕੀਤੇ ਗਏ ਅਜਿਹੇ ਯਤਨ ਨਿਰਸੰਦੇਹ, ਅਧਿਆਪਕ ਦੀਆਂ ਨਜ਼ਰਾਂ ਵਿਚੋਂ ਲੰਘਣੇ ਚਾਹੀਦੇ ਹਨ। ਅਧਿਆਪਕ ਦਾ ਭਾਸ਼ਣ ਤਿਆਰ ਕਰਕੇ ਬੱਚੇ ਨੂੰ ਦੇ ਦੇਣਾ ਅਤੇ ਬੱਚੇ ਵਲੋਂ ਰੱਟਾਂ ਲਾ ਕੇ ਸਟੇਜ ਉੱਤੇ ਬੋਲ ਆਉਣਾ, ਬੱਚੇ ਦਾ

ਭਾਸ਼ਾਈ ਵਿਕਾਸ ਕਰਨ ਦੇ ਸਾਡੇ ਉਦੇਸ਼ਾਂ ਦੀ ਪੂਰਤੀ ਵਿਚ ਸਹਾਈ ਨਹੀਂ ਹੁੰਦਾ।

ਭਾਸ਼ਣ ਖ਼ਤਮ ਹੋਣ ਉਪਰੰਤ ਸਰੋਤਿਆਂ ਨੂੰ ਪ੍ਰਸ਼ਨ ਪੁੱਛਣ ਜਾਂ ਸੰਕੇਤ ਨਵੀਰਤ ਕਰਾਉਣ ਦੀ ਖੁੱਲ ਹੋਵੇ, ਭਾਸ਼ਣਕਾਰ ਇਨ੍ਹਾਂ ਪ੍ਰਸ਼ਨਾ ਦੇ ਉੱਤਰ ਦੇਵੇਗਾ। ਸ਼ੁਰੂ ਵਿਚ ਬਹੁਤ ਸਾਰੇ ਪ੍ਰਸ਼ਨਾਂ ਦੇ ਉੱਤਰ ਅਧਿਆਪਕ ਨੂੰ ਆਪ ਦੇਣੇ ਪੈਣਗੇ, ਪਰੰਤੂ ਹੌਲੀ ਹੌਲੀ ਯੋਗਤਾ ਦੀ ਪੱਧਰ ਬਣ ਜਾਣ ਅਤੇ ਢੰਗ ਦੀ ਜਾਂਚ ਆ ਜਾਣ ਨਾਲ ਵਿਦਿਆਰਥੀ ਹਰ ਪ੍ਰਕਾਰ ਦੇ ਪ੍ਰਸ਼ਨਾਂ ਦੇ ਉੱਤਰ ਆਪ ਦੇ ਸਕਣ ਯੋਗ ਹੋ ਜਾਣਗੇ। ਇਸ ਤਰ੍ਹਾਂ ਦਿਨੋ ਦਿਨ ਇਹ ਢੰਗ ਭਾਸ਼ਣ ਤੋਂ ਬਾਅਦ ਚਰਚਾ ਤੇ ਵਾਦ-ਵਿਵਾਦ ਦਾ ਰੂਪ ਧਾਰਨ ਕਰਦਾ ਜਾਵੇਗਾ, ਜਿਸ ਵਿਚ ਵਕਤਾ ਅਤੇ ਸਰੋਤੇ ਵਿਦਿਆਰਥੀ ਵੱਧ ਚੜ੍ਹ ਕੇ ਹਿੱਸਾ ਲੈਣਗੇ। ਜਿੱਥੋਂ ਤੱਕ ਹੋ ਸਕੇ ਇਹ ਸਾਰੀ ਕਾਰਵਾਈ ਵਿਦਿਆਰਥੀ ਆਪ ਨਿਭਾਉਣ। ਅਧਿਆਪਕ ਦਾ ਫਰਜ਼ ਨਿਗਰਾਨੀ ਕਰਨਾ ਤੇ ਵਕਤਾ ਦੀਆਂ ਤਰੁੱਟੀਆਂ ਨੂੰ ਨੋਟ ਕਰਕੇ ਕਿਸੇ ਯੋਗ ਸਮੇਂ ਸਮਝਾਉਣ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ, ਤਾਂ ਕਿ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦਾ ਵਿਕਾਸ ਹੌਲੀ ਹੌਲੀ ਹੋ ਸਕੇ।

**2.1.8.5 ਆਪਸੀ ਗੱਲਬਾਤ**

ਮੌਖਿਕ ਕਿਰਿਆਵਾਂ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸੋਹਣੇ ਢੰਗ ਨਾਲ ਗੱਲਬਾਤ ਕਰਨ ਦੀ ਜਾਂਚ ਸਿਖਾਉਣਾ ਹੀ ਹੈ। ਇਹ ਅਭਿਆਸ ਛੋਟੀਆਂ ਜਮਾਤਾਂ ਤੋਂ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਗੱਲਬਾਤ ਦੇ ਮਜ਼ਮੂਨ ਦਾ ਪੱਧਰ ਦਿਨੋ ਦਿਨ ਉਚੇਰਾ ਹੁੰਦਾ ਜਾਵੇ। ਸ਼ੁਰੂ ਸ਼ੁਰੂ ਵਿਚ ਅਧਿਆਪਕ ਨੂੰ ਆਪ ਬੋਲਚਾਲ ਦੇ ਮੌਕੇ ਸੰਭਾਲਣੇ ਪੈਣਗੇ। ਜਮਾਤ ਦੇ ਕਮਰੇ ਵਿਚ ਦਾਖਲ ਹੋ ਕੇ, ਨਵਾਂ ਪਾਠ ਸ਼ੁਰੂ ਕਰਨ ਤੋਂ ਪਹਿਲਾਂ ਕੁੱਝ ਮਿੰਟਾਂ ਵਾਸਤੇ ਉਹ ਬੱਚਿਆਂ ਨਾਲ ਉਨ੍ਹਾਂ ਦੀ ਪੱਧਰ ਤੇ ਆ ਕੇ ਗੱਲਬਾਤ ਕਰੇ, ਇਸ ਨਾਲ ਬੱਚਿਆਂ ਵਿਚ ਉਤਸ਼ਾਹ ਪੈਦਾ ਹੋਵੇਗਾ। ਮੌਖਿਕ ਕਿਰਿਆਵਾਂ ਵਾਸਤੇ ਢੁੱਕਵਾਂ ਵਾਤਾਵਰਣ ਉਸਰੇਗਾ। ਅਧਿਆਪਕ ਦੇ ਬੱਚਿਆਂ ਨਾਲ ਗੱਲਬਾਤ ਕਰਨ ਸਮੇਂ ਕਈ ਵੇਰ ਬਹੁਤ ਸਾਰੇ ਬੱਚੇ ਉਤਸਕ ਹੋ ਕੇ ਇਕੱਠੇ ਬੋਲਣ ਲਗ ਪੈਂਦੇ ਹਨ। ਅਜਿਹੇ ਸਮੇਂ ਉਨ੍ਹਾਂ ਨੂੰ ਝਿੜਕਨਾ ਨਹੀਂ ਚਾਹੀਦਾ, ਸਗੋਂ ਸਮਝਾ ਬੁਝਾ ਕੇ ਵਾਰਤਾਲਾਪੀ ਢੰਗ ਦੇਣੀ ਚਾਹੀਦੀ ਹੈ।

ਅਧਿਆਪਕ ਤੋਂ ਬਾਅਦ ਹੁਣ ਬੱਚਿਆਂ ਦੀ ਵਾਰੀ ਆਉਂਦੀ ਹੈ। ਹਰੇਕ ਬੱਚੇ ਨੂੰ ਵਾਰਤਾਲਾਪ ਵਿਚ ਹਿੱਸਾ ਲੈਣ ਦਾ ਮੌਕਾ ਮਿਲੇਗਾ। ਵਾਰੀ ਸਿਰ ਕੋਈ ਦੋ ਬੱਚੇ ਜਮਾਤ ਦੇ ਸਾਹਮਣੇ ਆ ਕੇ ਮਿੱਥੇ ਹੋਏ ਵਿਸ਼ੇ ਉੱਤੇ ਗੱਲਬਾਤ ਕਰਨ ਜਾਂ ਫਿਰ ਜਮਾਤ ਨੂੰ ਕੁੱਝ ਟੋਲੀਆਂ ਵਿਚ ਵੰਡ ਕੇ ਬੋਲਚਾਲ ਦਾ ਕੰਮ ਕਰਵਾਇਆ ਜਾ ਸਕਦਾ ਹੈ। ਅਧਿਆਪਕ ਦਾ ਫਰਜ਼ ਹੈ ਕਿ ਉਹ ਦੇਖੇ ਕਿ ਬੱਚੇ ਠੀਕ ਬੋਲ ਰਹੇ ਹਨ, ਉਹਨਾ ਦਾ ਖੜੇ ਹੋਣ ਦਾ ਢੰਗ, ਬੋਲਣ ਦਾ ਲਹਿਜਾ, ਆਵਾਜ਼, ਬੋਲਣ ਦੀ ਚਾਲ, ਉਚਾਰਨ ਆਦਿ ਠੀਕ ਹੋਣ।

ਅਜਿਹੀ ਵਾਰਤਾਲਾਪ ਦਾ ਪੱਧਰ ਘਰੋਗੀ ਅਤੇ ਬੱਚਿਆਂ ਦੇ ਮਾਨਸਿਕ ਤਜ਼ਰਬੇ ਵਿਚ ਆਉਣ ਵਾਲਾ ਹੋਣਾ ਚਾਹੀਦਾ ਹੈ। ਖਾਣ ਪੀਣ ਵਾਲੀਆਂ ਚੀਜ਼ਾਂ, ਮਠਿਆਈਆਂ, ਫੁੱਲਾਂ, ਸਬਜ਼ੀਆਂ ਦੀ ਪਰਸਪਰ ਵਾਰਤਾਲਾਪ, ਕਲਮ ਅਤੇ ਦਵਾਤ ਦੀ ਵਾਰਤਾਲਾਪ ਜਿੰਦਰੇ ਤੇ ਕੁੰਜੀ ਦੀ ਵਾਰਤਾਲਾਪ, ਦੋ ਪੰਛੀਆਂ ਦੀ, ਦੋ ਤਲਵਾਰਾਂ ਦੀ ਵਾਰਤਾਲਾਪ, ਦੋ ਸਹੇਲੀਆਂ ਦੀ ਨਿੱਜੀ ਪੱਧਰ ਦੀ ਵਾਰਤਾਲਾਪ, ਰਿਕਸ਼ੇ ਵਾਲਾ ਤੇ ਸਵਾਰੀ ਦੀ ਵਾਰਤਾਲਾਪ, ਡਾਕਟਰ ਅਤੇ ਮਰੀਜ਼ ਦੀ ਵਾਰਤਾਲਾਪ, ਸਿਆਣੇ ਪਿਤਾ ਤੇ ਦਲਿਦਰੀ ਪੁੱਤਰ ਦੀ ਵਾਰਤਾਲਾਪ, ਗਾਹਕ ਤੇ ਦੁਕਾਨਦਾਰ ਦੀ ਵਾਰਤਾਲਾਪ ਆਦਿ ਅਨੇਕਾਂ ਵਿਸ਼ੇ ਬੱਚਿਆਂ ਦੁਆਰਾ ਚੁਣੇ ਜਾ ਸਕਦੇ ਹਨ। ਦਿਲਚਸਪ ਢੰਗ ਨਾਲ ਉਸਾਰੀ ਗਈ ਵਾਰਤਾਲਾਪ ਭਾਗ ਲੈਣ ਵਾਲਿਆਂ ਦਾ ਉਤਸ਼ਾਹ ਵੀ ਵਧਾਉਂਦੀ ਹੈ ਅਤੇ ਸਰੋਤਿਆਂ ਨੂੰ ਵੀ ਮਜ਼ਾ ਦਿੰਦੀ ਹੈ।

**2.1.8.6 ਵਾਦ-ਵਿਵਾਦ**

ਇਹ ਅਭਿਆਸ ਵੱਡੀਆਂ ਜਮਾਤਾਂ ਦੇ ਵਿਦਿਆਰਥੀਆਂ ਵਾਸਤੇ ਲਾਭਦਾਇਕ ਹੈ। ਇਕ ਸਮੱਸਿਆ ਚੁਣ ਲਈ ਜਾਂਦੀ ਹੈ। ਵਿਦਿਆਰਥੀ ਨੂੰ ਤਿਆਰੀ ਲਈ ਕਾਫ਼ੀ ਸਮਾਂ ਦਿੱਤਾ ਜਾਂਦਾ। ਇਕ ਵਿਦਿਆਰਥੀ ਨੂੰ ਸਮੱਸਿਆ ਦੇ ਹੱਕ ਵਿਚ ਅਤੇ ਦੂਜੇ ਨੇ ਉਸਦੇ ਵਿਰੁੱਧ ਬੋਲਣਾ ਹੁੰਦਾ ਹੈ। ਆਪੋ ਆਪਣੇ ਪੱਖ ਦੀ ਸੁਣਵਾਈ ਲਈ ਵਿਦਿਆਰਥੀ ਜਿੱਥੋਂ ਵੀ ਹੋ ਸਕੇ ਮਸਾਲੇ ਦੀ ਭਾਲ ਕਰਦੇ ਹਨ ਅਤੇ ਦਲੀਲਾਂ ਦੇ ਜ਼ੋਰ ਨਾਲ ਆਪਣੀ ਵਿਚਾਰਧਾਰਾ ਸਭਾ ਦੇ ਸਾਹਮਣੇ ਰੱਖਦੇ ਹਨ। ਬੋਲਣ ਸਮੇਂ ਆਪਣੇ ਵਿਰੋਧੀ ਪੱਖ ਵੱਲੋਂ ਦਿੱਤੀਆ ਗਈਆਂ ਦਲੀਲਾਂ ਦਾ ਖੰਡਨ ਤੇ ਆਪਣੀ ਵਿਚਾਰਧਾਰਾ ਨੂੰ ਦ੍ਰਿੜ ਕਰਨ ਦਾ ਜਤਨ ਕੀਤਾ ਜਾਂਦਾ ਹੈ। ਉਦਾਹਰਨ ਵਜੋਂ, ਸਾਡੇ ਸਾਹਮਣੇ ਸਮੱਸਿਆ ਹੈ ਪੇਂਡੂ ਜੀਵਨ ਸ਼ਹਿਰੀ

ਜੀਵਨ ਨਾਲੋਂ ਚੰਗਾ ਹੈ। ਕੁੱਝ ਵਿਦਿਆਰਥੀ ਇਸ ਦੇ ਹੱਕ ਵਿਚ ਬੋਲਣਗੇ ਅਤੇ ਕੁੱਝ ਇਸਦੇ ਵਿਰੁੱਧ ਆਪਣਾ ਦਰਿਸ਼ਟੀਕੋਣ ਪੇਸ਼ ਕਰਨਗੇ। ਇਸ ਅਭਿਆਸ ਵਿਚ ਖੂਬ ਗਰਮਾ-ਗਰਮ ਦਲੀਲਬਾਜ਼ੀ ਹੁੰਦੀ ਹੈ ਤੇ ਸਰੋਤਿਆਂ ਵਿਚ ਵੀ ਉਤਸ਼ਾਹ ਜਾਗਦਾ ਹੈ। ਦੂਸਰੇ ਦੀ ਦਲੀਲ ਨੂੰ ਕਾਟ ਕਰਕੇ, ਆਪਣੀ ਦਲੀਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦਾ ਚੰਗਾ ਅਭਿਆਸ ਹੁੰਦਾ ਹੈ।

ਸਕੂਲਾਂ ਕਾਲਜਾਂ ਅੰਦਰ ਸਮੱਸਿਆ ਨਿਸ਼ਚਿਤ ਕਰਕੇ ਵਾਦ-ਵਿਵਾਦ ਰੱਖੇ ਜਾਂਦੇ ਹਨ। ਇਨਾਮੀ ਮੁਕਾਬਲੇ ਹੁੰਦੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਗਿਣੇ ਮਿੱਥੇ ਵਿਦਿਆਰਥੀ ਹੀ ਹੁੰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੇ ਵੀ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਇਕ-ਦੋ ਵਿਸ਼ੇ ਤਿਆਰ ਕੀਤੇ ਹੁੰਦੇ ਹਨ। ਉਨ੍ਹਾਂ ਤੇ ਉਨ੍ਹਾਂ ਨੂੰ ਹੀ ਰੱਟਾ ਲਾ ਕੇ ਬੋਲ ਆਉਂਦੇ ਹਨ। ਸਕੂਲ ਪੱਧਰ ਤੇ ਕੀਤੇ ਜਾਣ ਵਾਲੇ ਜਤਨਾਂ ਵਿਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਜੋੜਿਆ ਜਾਵੇ, ਤਦੇ ਹੀ ਉਦੇਸ਼ ਦੀ ਪੂਰਤੀ ਕੀਤੀ ਜਾ ਸਕਦੀ ਹੈ।

**2.1.8.7 ਗੋਸ਼ਟੀ**

ਇਹ ਅਭਿਆਸ ਵਾਦ-ਵਿਵਾਦ ਦੀਆਂ ਲੀਹਾਂ ਉੱਤੇ ਚਲਣ ਵਾਲਾ ਇਕ ਯਤਨ ਹੈ। ਇਸ ਵਿਚ ਵਿਦਿਆਰਥੀ ਨੂੰ ਛੋਟੇ-ਛੋਟੇ ਟੋਲਿਆਂ ਵਿਚ ਵੰਡ ਦਿੱਤਾ ਜਾਂਦਾ ਹੈ। ਵਿਚਾਰ ਕਰਨ ਲਈ ਕੁੱਝ ਸਮੱਸਿਆ ਦੀ ਸੂਚੀ ਤਿਆਰ ਕਰ ਲਈ ਜਾਂਦੀ ਹੈ, ਜੋ ਆਮ ਤੋਰ ਤੇ ਵਿਦਿਆਰਥੀ ਤੇ ਅਧਿਆਪਕ ਪਰਸਪਰ ਵਿਚਾਰ ਵਟਾਂਦਰਾ ਕਰਨ ਉਪਰੰਤ ਤਿਆਰ ਕਰਦੇ ਹਨ। ਹਰੇਕ ਗਰੁੱਪ ਇਕ ਇਕ ਸਮੱਸਿਆ ਲੈ ਲੈਂਦਾ ਹੈ। ਸਾਰੇ ਗਰੁੱਪ ਇੱਕ ਸਮੇਂ ਆਪਣੇ ਥਾਂ ਆਪੋ ਆਪਣੀ ਸਮੱਸਿਆ ਉੱਤੇ ਵਿਚਾਰ ਵਟਾਦਰਾ ਸ਼ੁਰੂ ਕਰਦੇ ਹਨ। ਹਰੇਕ ਗਰੁੱਪ ਆਪਣਾ ਸਭਾਪਤੀ ਤੇ ਸਕੱਤਰ ਚੁਣ ਲੈਂਦਾ ਹੈ। ਸਭਾਪਤੀ ਸਾਰੀ ਕਾਰਾਵਈ ਚਲਾਉਂਦਾ ਹੈ ਤੇ ਸਕੱਤਰ ਆਏ ਵਿਚਾਰਾਂ ਨੂੰ ਨਾਲੋਂ ਨਾਲ ਨੋਟ ਕਰਦਾ ਹੈ। ਕੁੱਝ ਸਮੇਂ ਦੀ ਬਹਿਸ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਕਿਸੇ ਨਿਰਣੇ ਤੇ ਪਹੁੰਚਣ ਦਾ ਯਤਨ ਕੀਤਾ ਜਾਂਦਾ ਹੈ। ਸਕੱਤਰ, ਸਭਾ ਦੀ ਸਹਾਇਤਾ ਨਾਲ ਨਿਰਣਾਜਨਕ ਰਿਪੋਰਟ ਤਿਆਰ ਕਰਦਾ ਹੈ। ਗਰੁੱਪ ਵਾਸਤੇ ਨੀਯਤ ਕੀਤਾ ਹੋਇਆ ਸਮਾਂ ਮੁਕਣ ਤੋਂ ਬਾਅਦ ਸਾਰੇ ਗਰੁੱਪ ਇਕ ਸਭਾ ਵਿਚ ਇਕੱਠੇ ਹੁੰਦੇ ਹਨ। ਹਰੇਕ ਗਰੁੱਪ ਦਾ ਸਕੱਤਰ ਆਪੋ ਆਪਣੇ ਗਰੁੱਪ ਵਲੋਂ ਤਿਆਰ ਕੀਤੀ ਗਈ ਰਿਪੋਰਟ ਪੜ੍ਹ ਕੇ ਸੁਣਾਉਂਦਾ ਹੈ। ਉਸ ਉੱਤੇ ਲੋੜੀਂਦੀ ਟੀਕਾ ਟਿੱਪਣੀ ਤੇ ਵਾਧੇ ਘਾਟੇ ਕਰਨ ਤੋਂ ਉਪਰੰਤ ਸਭਾ ਉਸਨੂੰ ਅੰਤਿਮ ਰੂਪ ਦਿੰਦੀ ਹੈ।

ਇਹ ਅਭਿਆਸ ਉੱਪਰਲੀਆਂ ਸ਼੍ਰੇਣੀਆਂ ਵਾਸਤੇ ਉਪਯੋਗੀ ਹਨ। ਪ੍ਰਾਇਮਰੀ ਸ਼੍ਰੇਣੀਆਂ ਦੇ ਬੱਚੇ ਅਜਿਹੀਆਂ ਬਹਿਸਾਂ ਕਰਨ ਦੀ ਸਮਰੱਥਾ ਨਹੀਂ ਰੱਖਦੇ। ਹਾਂ, ਲੋੜੀਂਦੀ ਅਗਵਾਈ ਦੇਣ ਉਪਰੰਤ ਅਜਿਹੇ ਅਭਿਆਸ ਪੰਜਵੀਂ-ਛੇਵੀਂ ਸ਼੍ਰੇਣੀ ਤੋਂ ਸ਼ੁਰੂ ਕੀਤੇ ਜਾ ਸਕਦੇ ਹਨ। ਇਹਨਾ ਦੀ ਸਫਲਤਾ ਸਮੱਸਿਆ ਦੀ ਸੁਚੱਜੀ ਚੋਣ ਉੱਤੇ ਨਿਰਭਰ ਕਰਦੀ ਹੈ। ਸਮੱਸਿਆ ਅਜਿਹੀ ਚੁਣਨੀ ਚਾਹੀਦੀ ਹੈ ਜਿਸ ਵਿਚ ਵਿਦਿਆਰਥੀ ਰੁਚੀ ਰੱਖਣ ਅਤੇ ਉਹਨਾਂ ਨੂੰ ਤਿਆਰੀ ਲਈ ਲੋੜੀਂਦਾ ਸਮਾਂ ਅਤੇ ਸਮੱਗਰੀ ਵੀ ਪ੍ਰਾਪਤ ਹੋ ਸਕੇ।

**2.1.8.8 ਬੁੱਧੀ ਟਰੱਸਟ**

ਕੁੱਝ ਹੋਣਹਾਰ ਵਿਦਿਆਰਥੀਆਂ ਦਾ ਇੱਕ ਟਰੱਸਟ (ਸਮੂਹ) ਬਣਾ ਦਿੱਤਾ ਜਾਂਦਾ ਹੈ। ਟਰੱਸਟ ਦੇ ਮੈਂਬਰ ਸਟੇਜ ਉੱਤੇ ਬੈਠ ਜਾਂਦੇ ਹਨ। ਸ੍ਰੋਤੇ ਉਨ੍ਹਾਂ ਪਾਸੋਂ ਲਿਖਕੇ ਜਾ ਜ਼ਬਾਨੀ ਪੁੱਛਦੇ ਹਨ। ਉਹ ਆਪਣੀ ਵਾਰੀ ਸਿਰ ਪ੍ਰਸ਼ਨਾਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਆਪਣੀ ਵਿੱਤ ਅਨੁਸਾਰ ਉੱਤਰ ਦਿੰਦੇ ਜਾਂਦੇ ਹਨ। ਇਸ ਅਭਿਆਸ ਨੂੰ ਵਧੇਰੇ ਸਫਲ ਬਣਾਉਣ ਲਈ ਪੁੱਛੇ ਜਾਣ ਵਾਲੇ ਪ੍ਰਸ਼ਨ ਵਿਦਿਆਰਥੀਆਂ ਪਾਸੋਂ ਇਕੋ-ਦੋ ਦਿਨ ਪਹਿਲਾਂ ਇਕੱਠੇ ਕਰ ਲੈਣੇ ਚਾਹੀਦੇ ਹਨ, ਤੇ ਉਹਨਾ ਦੀ ਛਾਂਟੀ ਕਰਕੇ ਟਰੱਸਟ ਦੇ ਮੈਂਬਰਾਂ ਵਿਚ ਵੰਡ ਦੇਣੇ ਚਾਹੀਦੇ ਹਨ। ਅਜਿਹਾ ਕਰਨ ਨਾਲ ਉੱਤਰ ਦੇਣ ਵਾਲਿਆਂ ਨੂੰ ਲੋੜੀਂਦੀ ਤਿਆਰੀ ਲਈ ਸਮਾਂ ਮਿਲ ਜਾਵੇਗਾ ਅਤੇ ਅਣਉਚਿਤ ਪ੍ਰਸ਼ਨਾਂ ਦੀ ਛਾਂਟੀ ਵੀ ਕੀਤੀ ਜਾ ਸਕੇਗੀ।

**2.1.8.9 ਵਿਚਾਰ ਪਰਿਸ਼ਦ**

ਵਿਚਾਰ ਪਰਿਸ਼ਦ ਵਿਚ ਵੀ ਕਾਰਵਾਈ ਬਹੁਤ ਹੱਦ ਤੱਕ ਵਾਦ-ਵਿਵਾਦ ਵਾਂਗ ਹੀ ਚਲਦੀ ਹੈ। ਕੋਈ ਸਮੱਸਿਆ ਲੈ ਲਈ ਜਾਂਦੀ ਹੈ ਤੇ ਵਕਤਾ ਆਪੋ ਆਪਣੀ ਵਾਰੀ ਸਿਰ ਸਟੇਜ ਤੇ ਆ ਕੇ ਉਸ ਬਾਰੇ ਆਪਣੇ ਵਿਚਾਰ

ਪੇਸ਼ ਕਰਦੇ ਹਨ। ਵਾਦ-ਵਿਵਾਦ ਨਾਲੋਂ ਫਰਕ ਇਤਨਾ ਹੈ ਕਿ ਵਿਚਾਰ ਪਰਿਸ਼ਦ ਵਿਚ ਭਾਗ ਲੈਣ ਵਾਲਿਆਂ ਵਾਸਤੇ ਕੋਈ ਇਕ ਪੱਖ ਪੂਰਨਾ ਜ਼ਰੂਰੀ ਨਹੀਂ ਹੁੰਦਾ। ਉਹ ਆਪਣੀ ਸਮਝ ਅਨੁਸਾਰ ਸਮੱਸਿਆ ਦੇ ਸਾਰੇ ਪਹਿਲੂਆ ਉੱਤੇ ਚਾਨਣ ਪਾਉਂਦੇ ਹਨ। ਵਾਦ-ਵਿਵਾਦ ਵਾਂਗ ਗਲਤ ਜਾਂ ਠੀਕ ਆਪਣੇ ਹੀ ਪੱਖ ਉੱਤੇ ਡੱਟੇ ਰਹਿਣ ਦੀ ਮਜ਼ਬੂਰੀ ਨਹੀਂ ਹੁੰਦੀ। ਵਿਚਾਰ ਪ੍ਰਿਸ਼ਦ ਵਿਚ ਪਰਸਪਰ ਵਿਚਾਰ ਵਟਾਂਦਰੇ ਰਾਹੀਂ ਸਮੱਸਿਆ ਉੱਤੇ ਹਰ ਪੱਖ ਤੋਂ ਪੜਚੋਲਵਾ ਦ੍ਰਿਸ਼ਟੀਕੋਣ ਸੁੱਟਦਿਆਂ ਹੋਇਆਂ ਕਿਸੇ ਨਿਰਣੇ ਤੇ ਪੁੱਜਣ ਦਾ ਯਤਨ ਹੁੰਦਾ ਹੈ। ਵਕਤਾ ਦਾ ਭਾਸ਼ਣ ਸੁਣਕੇ ਸਰੋਤੇ ਆਪਣੇ ਵਿਚਾਰ ਬਣਾਉਂਦੇ ਤੇ ਬਦਲਦੇ ਰਹਿੰਦੇ ਹਨ। ਅੰਤ ਵਿਚ ਸਭਾਪਤੀ ਸਮੁੱਚੇ ਤੌਰ ਤੇ ਸਰੋਤਿਆਂ ਦੀ ਰਾਇ ਲੈ ਕੇ ਨਿਰਣਾ ਕਰ ਦਿੰਦਾ ਹੈ। ਇਸ ਅਭਿਆਸ ਨਾਲ ਵਿਦਿਆਰਥੀਆਂ ਨੂੰ ਬੋਲਣ, ਵਿਚਾਰ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕਰਨ ਅਤੇ ਆਪਣੀ ਰਾਏ ਮਨਾ ਸਕਣ ਦੇ ਮੌਕੇ ਮਿਲਦੇ ਹਨ।

**2.1.8.10 ਬਾਲ ਸਭਾ**

ਲਗਭਗ ਸਾਰੇ ਸਕੂਲਾਂ ਵਿਚ ਬਾਲ ਸਭਾਵਾਂ ਕਾਇਮ ਹਨ ਜੋ ਸਕੂਲਾਂ ਵਿਚ ਹੋਣ ਵਾਲੇ ਪ੍ਰੋਗਰਾਮ ਨਿਯੋਜਿਤ ਕਰਦੀਆਂ ਹਨ ਅਤੇ ਸਮੇਂ ਸਮੇਂ ਸਿਰ ਸਮਾਗਮ ਮਨਾਉਣ ਦੀ ਤਿਆਰੀ ਕਰਦੀਆਂ ਹਨ। ਆਮ ਤੌਰ ਤੇ ਮਹੀਨੇ ਦੀ ਅਖੀਰੀ ਹਫਤੇ ਇਸਦੀ ਮੀਟਿੰਗ ਹੁੰਦੀ ਹੈ। ਸਾਰਾ ਸਕੂਲ ਇਕ ਥਾਂ ਇਕੱਠਾ ਹੁੰਦਾ ਹੈ। ਵੱਖ ਵੱਖ ਵਿਦਿਆਰਥੀ ਆਪੋ ਆਪਣੀ ਰੁਚੀ ਅਨੁਸਾਰ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹਨ। ਸਰੋਤਿਆਂ ਦਾ ਮਨੋਰੰਜਨ ਹੋ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਵੱਖ ਵੱਖ ਭਾਂਤ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਦਾ ਅਵਸਰ ਪ੍ਰਾਪਤ ਹੋ ਜਾਂਦਾ ਹੈ।

ਸਭਾ ਦੀ ਕਾਰਵਾਈ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਚੰਗੀ ਤਰ੍ਹਾਂ ਤਿਆਰੀ ਕਰੇ ਅਤੇ ਸਭਾ ਵਿਚ ਬੋਲਣ ਤੋਂ ਪਹਿਲਾਂ ਜਮਾਤ ਵਿਚ, ਛੋਟੇ ਗਰੁੱਪ ਵਿਚ ਅਭਿਆਸ ਕਰ ਲਵੇ।

ਉਪਰੋਕਤ ਕੰਮ ਤੋਂ ਛੁੱਟ ਸਕੂਲ ਵਿਚ ਕੌਮੀ ਤਿਉਹਾਰ, ਰਾਸ਼ਟਰੀ ਆਗੂਆਂ ਦੇ ਜਨਮ ਦਿਨ, ਸਭਿਆਚਾਰਕ ਮੇਲੇ, ਮੌਸਮੀ ਤਿਉਹਾਰ ਆਦਿ ਮਨਾਉਣ ਦਾ ਸਾਰਾ ਪ੍ਰਬੰਧ ਬਾਲ ਸਭਾਵਾਂ ਦੇ ਹੱਥਾ ਵਿੱਚ ਦੇਣਾ ਚਾਹੀਦਾ ਹੈ। ਹਰੇਕ ਸਮਾਗਮ ਵਿਚ ਵਿਦਿਆਰਥੀ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਸੰਬੰਧਤ ਅਧਿਆਪਕਾਂ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਰਾ ਸਮਾਂ ਕੁਝ ਥੋੜ੍ਹੇ ਜਿਹੇ ਵਿਦਿਆਰਥੀ ਹੀ ਹੜਪ ਨਾ ਕਰ ਜਾਣ। ਸ਼ਰਮਾਕਲ, ਸੰਗਾਊ ਤੇ ਘੱਟ-ਬੋਲਣ ਵਾਲੇ ਵਿਦਿਆਰਥੀ ਨੂੰ ਵੀ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

**2.1.8.11 ਨਾਟਕ ਅਭਿਨੇ**

ਨਾਟਕੀ ਰੁਚੀਆਂ ਬੱਚਿਆਂ ਅੰਦਰ ਕੁਦਰਤ ਵੱਲੋਂ ਹੀ ਹੁੰਦੀਆਂ ਹਨ। ਉਹ ਹਰ ਕਿਸੇ ਦੀਆਂ ਨਕਲਾਂ ਉਤਾਰਨ ਅਤੇ ਸਾਂਗ ਲਾਉਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ। ਬੱਚੇ ਜੋ ਕੁਝ ਆਪਣੇ ਆਲੇ-ਦੁਆਲੇ ਹੁੰਦਾ, ਵਾਪਰਦਾ ਵੇਖਦੇ ਹਨ, ਉਸੇ ਤਰ੍ਹਾਂ ਨਕਲ ਉਤਾਰਨ ਦਾ ਯਤਨ ਕਰਦੇ ਹਨ। ਜੇਕਰ ਖੇਡ ਵਿਚ ਮਸਤ ਬੱਚਿਆਂ ਦੀ ਕਿਸੇ ਟੋਲੀ ਨੂੰ ਗਹੁ ਨਾਲ ਵੇਖੀਏ ਤਾਂ ਉਹ ਜੀਵਨ ਦੀ ਕੋਈ ਘਟਨਾ ਨਕਲ ਰਾਹੀਂ ਪੇਸ਼ ਕਰ ਰਹੇ ਹੋਣਗੇ। ਸ਼ਾਹ ਤੇ ਚੋਰ, ਸਿਪਾਹੀ, ਜਿੰਨ ਤੇ ਪਰੀ, ਘਰ ਬਣਾਉਣਾ, ਗੁੱਡੇ ਗੁੱਡੀ ਦਾ ਵਿਆਹ ਰਚਾਉਣਾ, ਆਦਿ ਆਮ ਖੇਡਾਂ ਹਨ। ਬੱਚੇ ਦੀ ਕਲਪਨਾ ਵਧੇਰੇ ਸੁਤੰਤਰ ਹੁੰਦੀ ਹੈ। ਉਹ ਝੱਟ ਰਾਜਾ, ਵਜੀਰ, ਚੋਰ ਸਿਪਾਹੀ, ਮੰਗਤਾ, ਫਕੀਰ, ਧੋਬੀ, ਡਾਕੀਆ, ਅਧਿਆਪਕ ਬਣ ਜਾਂਦਾ ਹੈ ਤੇ ਪੂਰੀ ਰੀਝ ਨਾਲ ਨਕਲ ਲਾਹੁੰਦਾ ਹੈ। ਰੱਸੀ ਉਸ ਲਈ ਸੱਪ ਬਣ ਜਾਂਦੀ ਹੈ। ਲੱਕੜ ਦੀ ਸੋਟੀ ਘੋੜਾ ਬਣ ਜਾਂਦੀ ਹੈ। ਬੱਚਿਆਂ ਅੰਦਰ ਇਸ ਕੁਦਰਤੀ ਰੁਚੀ ਨੂੰ ਸੋਧ ਕੇ ਮੌਖਿਕ ਕਾਰਜ ਦਾ ਉਸਾਰੂ ਅਭਿਆਸ ਦਿੱਤਾ ਜਾ ਸਕਦਾ ਹੈ, ਸਕੂਲਾਂ ਵਿਚ ਬਾਲ ਨਾਟਕ-ਮੰਡਲੀਆਂ ਨਿੱਕੇ ਨਿੱਕੇ ਨਾਟਕ ਖੇਡਣ। ਬੱਚੇ ਚੰਚਲ ਸੁਭਾ ਦੇ ਹੁੰਦੇ ਹਨ। ਉਹਨਾਂ ਅੰਦਰ ਅਕੇਵਾਂ ਛੇਤੀ ਪੈਦਾ ਹੋ ਸਕਦਾ ਹੈ। ਬੱਚਿਆਂ ਦੇ ਨਾਟਕ ਬਹੁਤੇ ਲੰਮੇ ਨਾ ਹੋਣ, ਪੰਦਰਾਂ ਵੀਹ ਮਿੰਟ ਤੋਂ ਵੱਧ ਸਮਾਂ ਨਾ ਲੈਣ। ਚੁਸਤ ਨਾਟਕੀ ਵਾਰਤਾਲਾਪ ਪਾਤਰਾਂ ਰਾਹੀਂ ਹੂ-ਬਹੂ ਬਤੀਤ ਕੀਤਾ ਹੋਇਆ ਜੀਵਨ ਉਨ੍ਹਾਂ ਦਾ ਸਟੇਜ ਡਰ ਦੂਰ ਕਰਦਾ ਤੇ ਭਾਵਾਤਮਿਕ ਵਿਕਾਸ ਕਰਦਾ ਹੈ।

ਬੱਚਿਆਂ ਦੇ ਆਪਣੇ ਕੋਰਸ ਵਿਚੋਂ ਅਨੇਕ ਘਟਨਾਵਾਂ ਮਿਲ ਸਕਦੀਆਂ ਹਨ, ਜਿਨ੍ਹਾਂ ਨੂੰ ਬੜੀ ਰੋਚਿਕਤਾ ਨਾਲ ਸਟੇਜ ਤੇ ਖੇਡਿਆ ਜਾ ਸਕਦਾ ਹੈ। ਪੜ੍ਹੀ ਹੋਈ ਕਹਾਣੀ ਨੂੰ ਸਟੇਜ ਕੀਤਾ ਜਾਵੇ, ਕਵਿਤਾ ਨੂੰ ਹੱਥਾਂ ਦੇ ਇਸ਼ਾਰਿਆਂ ਤੇ ਹੋਰ ਸਰੀਰਕ ਸੰਕੇਤਾਂ ਰਾਹੀਂ ਡਰਾਮਿਆ ਜਾਵੇ। ਨਾਟਕ ਦੇ ਨਾਲ ਨਾਲ ਮੋਨ-ਰੂਪਕ ਵੀ ਇਕ ਵਧੀਆ ਅਭਿਆਸ ਹੈ।

ਇਸ ਵਿਚ ਬੱਚਾ ਚੁੱਪ-ਰੂਪ ਵਿਚ ਹਰ ਪ੍ਰਕਾਰ ਦੀਆਂ ਨਕਲਾਂ ਉਤਾਰਦਾ ਅਤੇ ਸਾਂਗ ਰਚਦਾ ਹੈ। ਚੌਂਕ ਵਿਚ ਭੀੜ ਭੜੱਕੇ ਨੂੰ ਕਾਬੂ ਕਰ ਰਿਹਾ ਪੁਲਿਸ ਦਾ ਸਿਪਾਹੀ, ਗੱਡੀ ਨੂੰ ਤੋਰ ਰਿਹਾ ਰੇਲਵੇ ਗਾਰਡ, ਕੱਪੜੇ ਧੋ ਰਿਹਾ ਧੋਬੀ, ਗੱਲ ਕੀ ਹਰ ਪ੍ਰਕਾਰ ਦਾ ਸਾਂਗ ਉਤਾਰਦਾ ਹੈ। ਲੋੜੀਂਦਾ ਪ੍ਰਭਾਵ ਪਾਉਣ ਲਈ ਫੈਂਸੀ ਡਰੈਸ ਉਸਦੀ ਸਹਾਇਤਾ ਕਰਦਾ ਹੈ। ਸੰਗਾਊ ਬੱਚੇ ਜੋ ਸਟੇਜ ਉੱਤੇ ਆ ਕੇ ਕੁੱਝ ਸੁਣਾਉਣ ਤੋਂ ਝਿਜਕਦੇ ਹਨ, ਮਨੋਰੂਪਕਾਂ ਰਾਹੀਂ ਆਪਣਾ ਝਾਕਾ ਖੋਲ ਸਕਦੇ ਹਨ।

**2.1.8.12 ਵਿਦਿਅਕ ਖੇਡਾਂ ਦੇ ਮੁਕਾਬਲੇ**

ਬੱਚਿਆਂ ਨੂੰ ਘੜੀ-ਦੋ ਘੜੀ ਰਸਮੀ ਸਕੂਲ ਤੋਂ ਹੱਟ ਕੇ, ਦੁਰੇਡੇ ਲੈ ਜਾ ਕੇ ਨਿੱਕੀਆਂ ਪ੍ਰੰਤੂ ਦਿਲਚਸਪ ਖੇਡਾਂ ਖਿਡਾਉਣੀਆਂ ਚਾਹੀਦੀਆਂ ਹਨ। ਇਨ੍ਹਾਂ ਖੇਡਾਂ ਵਿਚ ਭਾਗ ਲੈਣ ਵਾਲੇ ਵਿਦਿਆਰਥੀ ਖੇਡ ਦਾ ਰਸ ਮਾਣਦੇ ਹਨ ਅਤੇ ਕਈ ਨਵੀਆਂ ਗੱਲਾਂ ਵੀ ਸਿੱਖਦੇ ਹਨ।

**(ੳ) ਰੇਡੀਓ ਦੀ ਖੇਡ**

ਇਕ ਝੂਠ ਮੂਠ ਰੇਡੀਓ ਬਣਾ ਲਿਆ ਜਾਂਦਾ ਹੈ ਤੇ ਉਸਦੇ ਪਿੱਛੇ ਲੁਕ ਕੇ ਵਿਦਿਆਰਥੀ ਆਪੋ ਆਪਣਾ ਪ੍ਰੋਗਰਾਮ ਬ੍ਰੌਡਕਾਸਟ ਕਰਦੇ ਹਨ। ਕਵਿਤਾ, ਕਹਾਣੀ, ਗੀਤ, ਲਤੀਫੇ ਆਦਿ ਸੁਣਾਏ ਜਾਂਦੇ ਹਨ। ਇਹ ਸਾਧਨ ਸ਼ਰਮੀਲੇ ਵਿਦਿਆਰਥੀਆਂ ਵਾਸਤੇ ਬੜੀ ਚੰਗੀ ਸਿਖਲਾਈ ਹੈ।

**(ਅ) ਟੈਲੀਫੋਨ ਦੀ ਖੇਡ**

ਰੇਡੀਓ ਵਾਂਗ ਹੀ ਇਹ ਬੜੀ ਦਿਲਚਸਪ ਤੇ ਸੰਗਾਊ ਵਿਦਿਆਰਥੀਆਂ ਲਈ ਲਾਭਦਾਇਕ ਹੈ। ਕੁੱਝ ਵਿੱਥ ਤੇ ਦੋ ਡੱਬੇ ਰੱਖ ਕੇ ਟੈਲੀਫੋਨ ਬਣਾ ਲਏ ਜਾਂਦੇ ਹਨ। ਇਕ ਬੱਚਾ ਇਕ ਪਾਸੇ ਬੈਠ ਜਾਂਦਾ ਹੈ ਅਤੇ ਦੂਸਰਾ ਦੂਜੇ ਪਾਸੇ। ਦੋਵੇਂ ਆਪੋ ਵਿਚ ਇਸ ਤਰ੍ਹਾਂ ਵਾਰਤਾਲਾਪ ਕਰਦੇ ਹਨ, ਜਿਵੇਂ ਟੈਲੀਫੋਨ ਤੇ ਗੱਲਾਂ ਕਰ ਰਹੇ ਹੋਣ। ਵਾਰਤਾਲਾਪ ਦਾ ਵਿਸ਼ਾ ਪਹਿਲਾਂ ਮਿੱਥ ਕੇ ਖੂਬ ਤਿਆਰੀ ਕਰ ਲਈ ਜਾਂਦੀ ਹੈ।

**(ੲ) ਸ਼ਬਦ ਮੁਕਾਬਲੇ**

ਮੁਕਾਬਲੇ ਦੀ ਭਾਵਨਾ ਨੂੰ ਮੁੱਖ ਰੱਖਕੇ ਜਮਾਤ ਨੂੰ ਦੋ ਟੋਲੀਆਂ ਵਿਚ ਵੰਡ ਦਿੱਤਾ ਜਾਂਦਾ ਹੈ। ਇਨ੍ਹਾਂ ਦੋ ਟੋਲੀਆਂ ਦਾ ਆਪੋ ਵਿਚ ਮੁਕਾਬਲਾ ਹੁੰਦਾ ਹੈ। ਇਨ੍ਹਾਂ ਮੁਕਾਬਲਿਆਂ ਵਿਚ ਕਈ ਨਿੱਕੀਆਂ ਖੇਡਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇਕ ਟੋਲੀ ਦਾ ਵਿਦਿਆਰਥੀ ਕੋਈ ਸ਼ਬਦ ਬੋਲਦਾ ਹੈ। ਦੂਜੀ ਟੋਲੀ ਦਾ ਵਿਦਿਆਰਥੀ ਉਸਦਾ ਅਰਥ ਦੱਸਦਾ ਹੈ। ਪਹਿਲੀ ਟੋਲੀ ਵੱਲੋਂ ਸ਼ਬਦ ਅਤੇ ਦੂਸਰੀ ਟੋਲੀ ਵੱਲੋਂ ਉਸਦਾ ਵਿਰੋਧੀ ਸ਼ਬਦ ਦੱਸਿਆ ਜਾਂਦਾ ਹੈ। ਠੀਕ ਜਾਂ ਗਲਤ ਦੱਸਣ ਦੀ ਹਾਲਤ ਵਿਚ ਨੰਬਰਾਂ ਦਾ ਵੇਰਵਾ ਸਾਹਮਣੇ ਬਲੈਕ ਬੋਰਡ ਉੱਤੇ ਨਾਲੋਂ ਨਾਲ ਲਿਖਿਆ ਜਾਂਦਾ ਹੈ। ਅੰਤ ਵਿਚ ਨੰਬਰਾਂ ਦਾ ਜੋੜ ਹੋ ਜਾਂਦਾ ਹੈ। ਇਸ ਪ੍ਰਕਾਰ ਸ਼ਬਦਾਂ ਨੂੰ ਵਾਕਾਂ ਵਿਚ ਵਰਤਣ, ਵਿਸ਼ੇਸ਼ਣ ਤੋਂ ਨਾਂਵਾ ਬਣਾਉਣ, ਬੁਝਾਰਤਾਂ ਪਾ ਕੇ ਬੁੱਝਣ ਆਦਿ ਦੇ ਮੁਕਾਬਲੇ ਕਰਵਾਏ ਜਾਸਕਦੇ ਹਨ। ਕਿਸੇ ਇਕ ਅੱਖਰ ਨਾਲ ਸ਼ੁਰੂ ਹੋਣ ਵਾਲੇ ਫਲਾਂ ਦੇ ਨਾਮ, ਸਬਜ਼ੀਆਂ ਦੇ ਨਾਮ, ਮਠਿਆਈਆਂ ਦੇ ਨਾਮ ਦੱਸ ਕੇ, ਸੂਚੀਆਂ ਤਿਆਰ ਕਰਕੇ ਮੁਕਾਬਲੇ ਕਰਵਾਏ ਜਾ ਸਕਦੇ ਹਨ। ਇਨ੍ਹਾਂ ਖੇਡਾਂ ਨਾਲ ਸ਼ਬਦਾਵਲੀ ਵਿਚ ਵਾਧਾ ਹੁੰਦਾ ਹੈ। ਸੋਚਣ ਸ਼ਕਤੀ ਤੀਖਣ ਹੁੰਦੀ ਹੈ। ਬੋਲਣ ਦਾ ਝਾਕਾ ਖੁਲ੍ਹਦਾ ਹੈ ਤੇ ਪਰਸਪਰ ਮੁਕਾਬਲੇ ਦੀ ਭਾਵਨਾ ਹੋਣ ਕਰਕੇ ਖੇਡ ਵਿੱਚ ਦਿਲਚਸਪੀ ਬਣੀ ਰਹਿੰਦੀ ਹੈ।

**2.1.8.13 ਕਵਿਤਾ ਪਾਠ**

ਕਵਿਤਾ ਵਿਚਲੀ ਲੈਅ, ਸੁਰ ਤੇ ਤਾਲ ਦੀਆਂ ਲੋੜਾਂ ਉੱਚਾ ਪਾਠ ਮੰਗਦੀਆਂ ਹਨ। ਕਵਿਤਾ ਰਾਹੀਂ ਸੰਗੀਤਕ ਹੁਲਾਰਾ ਕੇਵਲ ਲੈਅਮਈ ਪਾਠ ਦੁਆਰਾ ਹੀ ਮਿਲ ਸਕਦਾ ਹੈ, ਚੁੱਪ ਪਾਠ ਰਾਹੀਂ ਸ਼ਬਦਾਂ ਦੀ ਸੰਗੀਤਮਈ ਛਣਕਾਰ ਸਾਡੀ ਰੂਹ ਨੂੰ ਟੁੰਬ ਨਹੀਂ ਸਕਦੀ। ਚੰਗੇ ਭਲੇ ਜੀਉਂਦੇ ਜਾਗਦੇ ਸ਼ਬਦ ਨਿਰਜੀਵ ਜਾਪਣ ਲੱਗ ਪੈਂਦੇ ਹਨ। ਸੰਗੀਤ ਕਵਿਤਾ ਦਾ ਮਾਧਿਅਮ ਹੈ ਅਤੇ ਮਨੋਭਾਵ ਉਸ ਦੀ ਵਸਤੂ, ਜਿਹੜੀ ਕਵਿਤਾ ਮਨੋਭਾਵਾਂ ਨੂੰ ਨਹੀਂ ਟੁੰਬਦੀ, ਉਹ ਕਵਿਤਾ ਨਹੀਂ ਅਖਵਾ ਸਕਦੀ। ਮਨੋਭਾਵਾਂ ਨੂੰ ਟੁੰਬਣਾ ਪਾਠ ਦੁਆਰਾ ਹੀ ਮਿਲ ਸਕਦਾ ਹੈ। ਅਧਿਆਪਕ ਨੇ ਬੱਚਿਆ ਦੇ ਸਾਹਮਣੇ ਮਾਡਲ ਬਣਨਾ ਹੈ। ਕਈ ਅਧਿਆਪਕ ਕਵਿਤਾ ਪੜ੍ਹਨ ਸਮੇਂ ਬੜਾ ਗੈਰ-ਕੁਦਰਤੀ ਢੰਗ ਅਪਣਾ ਲੈਂਦੇ ਹਨ। ਹੱਥਾਂ ਦੇ ਇਸ਼ਾਰੇ, ਸੰਕੇਤ, ਸਰੀਰਕ ਹਿਲਜੁਲ ਉਨ੍ਹਾਂ ਨੂੰ ਸਾਧਾਰਨਤਾ ਤੋਂ ਦੂਰ ਲੈ ਜਾਂਦੀ ਹੈ। ਕਵਿਤਾ ਦੇ ਭਾਵ ਨੂੰ

ਮੁੱਖ ਰਖਦਿਆਂ ਹੋਇਆ ਸਾਧਾਰਨ ਲਹਿਜੇ ਵਿਚ ਕਵਿਤਾ ਪਾਠ ਰਾਹੀਂ ਅਸੀਂ ਕਵੀ ਦੇ ਭਾਵ ਨੂੰ ਵਿਦਿਆਰਥੀਆਂ ਤੱਕ ਪਹੁੰਚਾਉਣਾ ਹੈ, ਨਾ ਕਿ ਆਪਣੇ ਭਾਵ ਨੂੰ। ਹਾਂ ਜੇ ਕਵਿਤਾ ਦਾ ਭਾਵ ਨਾਟਕੀ ਅੰਸ਼ ਦੀ ਮੰਗ ਕਰਦਾ ਹੈ, ਤਾਂ ਉਹ ਵੱਖਰੀ ਗੱਲ ਹੈ। ਬਦੋਬਦੀ ਅਸਾਧਾਰਨ ਸਰੀਰਕ ਕਾਰਜ ਨੂੰ ਵਿਚ ਲੈ ਆਉਣਾ ਚੰਗਾ ਨਹੀਂ। ਜੇ ਕਵਿਤਾ ਗਾ ਕੇ ਪੜ੍ਹੀ ਜਾ ਸਕਦੀ ਹੈ, ਤਾਂ ਬੱਚਿਆਂ ਨੂੰ ਗਾ ਕੇ ਪੜ੍ਹਨ ਦੀ ਆਗਿਆ ਦਿੱਤੀ ਜਾਵੇ। ਜੇ ਉਹ ਮੰਡਲੀ ਵਿਚ ਪੜ੍ਹਨ ਵਾਲੀ ਹੈ ਤਾਂ ਸਾਰੇ ਰਲ ਕੇ ਪੜ੍ਹਨ।

**2.1.9 ਅਸ਼ੁੱਧ ਉਚਾਰਨ ਦੇ ਕਾਰਨ :**

ਕਈ ਬੱਚੇ ਸ਼ੁੱਧ ਨਹੀਂ ਬੋਲ ਸਕਦੇ, ਇਸ ਦੇ ਕਈ ਕਾਰਨ ਹੋ ਸਕਦੇ ਹਨ। ਜਿਵੇਂ

**2.1.9.1 ਸਰੀਰਕ ਦੋਸ਼**

(i) ਬੋਲਣ ਸਮੇਂ ਕਈ ਸਰੀਰਕ ਅੰਗ ਜੀਭ, ਦੰਦ, ਗਲਾ, ਬੁੱਲ੍ਹ, ਨੱਕ ਆਦਿ ਵਰਤੋਂ ਵਿਚ ਆਉਂਦੇ ਹਨ। ਇਨ੍ਹਾਂ ਵਿਚੋਂ ਕਿਸੇ ਅੰਗ ਵਿਚ ਵੀ ਨੁਕਸ ਹੋਵੇ ਤਾਂ ਉਚਾਰਣ ਭੰਗ ਹੋ ਜਾਂਦਾ ਹੈ।

(ii) ਕਾਹਲੀ ਬੋਲਣ ਵਾਲੇ ਬੱਚੇ ਬੋਲਣ ਸਮੇਂ ਕਈ ਆਵਾਜਾਂ ਦਾ ਉੱਚਾਰਨ ਅਧੂਰਾ ਛੱਡ ਦਿੰਦੇ ਹਨ। ਕਈ ਆਵਾਜ਼ਾਂ ਬਿਲਕੁੱਲ ਹੀ ਖਾ ਜਾਂਦੇ ਹਨ, ਜਾਂ ਇੱਧਰ ਦੀਆਂ ਗੱਲਾਂ ਉੱਪਰ ਰਲਾ ਕੇ ਬੋਲ ਜਾਂਦੇ ਹਨ।

**2.1.9.2 ਸਮਾਜਿਕ ਦੋਸ਼**

(i) ਬੱਚੇ ਦੀ ਭਾਸ਼ਾ ਸਿੱਖਿਆ ਦਾ ਕੰਮ ਘਰ ਤੋਂ ਆਰੰਭ ਹੁੰਦਾ ਹੈ ਅਤੇ ਉਸਦੇ ਮੁੱਢਲੇ ਪਾਠ, ਬੋਲਚਾਲ ਅਤੇ ਸ਼ਬਦਾਂ ਦਾ ਉੱਚਾਰਣ ਹੀ ਹੋਇਆ ਕਰਦੇ ਹਨ। ਜੇ ਮਾਤਾ ਦਾ ਆਪਣਾ ਉੱਚਾਰਣ ਗਲਤ ਹੋਵੇ ਤਾਂ ਘਰ ਵਿਚ ਕਿਸੇ ਹੋਰ ਮੈਂਬਰ ਦਾ ਉੱਚਾਰਣ ਠੀਕ ਨਾ ਹੋਵੇ ਤਾਂ ਉਸਦਾ ਪ੍ਰਭਾਵ ਸੁਭਾਵਕ ਹੀ ਬੱਚੇ ਉੱਤੇ ਪੈ ਜਾਂਦਾ ਹੈ। ਜਿਨ੍ਹਾਂ ਘਰਾਂ ਵਿਚ ਬੱਚਾ ਵਧੇਰੇ ਸਮਾਂ ਆਪਣੀ 'ਆਇਆ' ਪਾਸ ਰਹਿੰਦਾ ਹੈ, ਉੱਥੇ ਉਸ ਆਇਆ ਦਾ ਉੱਚਾਰਣ ਢੰਗ ਉਸਦੇ ਸਾਹਮਣੇ ਨਮੂਨਾ ਬਣਦਾ ਹੈ।

(ii) ਸਕੂਲ ਵਿਚ ਅਧਿਆਪਕ ਦਾ ਉਚਾਰਣ ਢੰਗ ਉਸਦੇ ਸਾਹਮਣੇ ਨਮੂਨਾ ਬਣਦਾ ਹੈ।

(iii) ਪਾਲਣ-ਪੋਸ਼ਣ ਸਮੇਂ ਹੋਈ ਅਣਗਹਿਲੀ ਵੀ ਅਸ਼ੁੱਧ ਉੱਚਾਰਣ ਦਾ ਕਾਰਨ ਬਣਦੀ ਹੈ। ਕਈ ਕਮਜ਼ੋਰ ਬੱਚਿਆਂ ਨੂੰ ਖੁਰਾਕ ਰਾਹੀਂ ਪੂਰੀ ਸ਼ਕਤੀ ਨਾ ਮਿਲਣ ਕਰਕੇ, ਉਨ੍ਹਾਂ ਦੀ ਜੀਭ ਚੰਗੀ ਤਰ੍ਹਾਂ ਵਿਕਾਸ ਨਹੀਂ ਕਰਦੀ। ਉਹ ਬੱਚੇ ਥਥਲਾਉਣ ਜਾਂ ਰੁਕ ਕੇ ਬੋਲਣ ਲੱਗ ਪੈਂਦੇ ਹਨ।

(iv) ਅਣਗਹਿਲੀ ਤੋਂ ਵਿਪਰੀਤ ਕਈ ਵੇਰ ਬੱਚਿਆਂ ਨੂੰ ਲੋੜ ਤੋਂ ਵਧੇਰੇ ਦਿੱਤਾ ਗਿਆ ਧਿਆਨ ਤੇ ਲਾਡ ਪਿਆਰ ਵੀ ਨੁਕਸਾਨ ਪਹੁੰਚਾਉਂਦਾ ਹੈ। ਲਾਡ ਵਿਚ ਆ ਕੇ ਸਿਆਣੇ ਬੱਚਿਆਂ ਨਾਲ ਵੀ ਤੋਤਲੀ ਭਾਸ਼ਾ ਵਿਚ ਗੱਲਾਂ ਕਰੀ ਜਾਂਦੇ ਹਨ, ਜੋ ਕਿ ਬੱਚਿਆਂ ਦੀਆਂ ਉੱਚਾਰਨ ਲੋੜਾਂ ਲਈ ਹਾਨੀਕਾਰਕ ਹੈ।

(v) ਉਪ-ਭਾਸ਼ਾਈ ਪ੍ਰਭਾਵ ਵੀ ਬੱਚਿਆਂ ਦੇ ਉੱਚਾਰਨ ਨੂੰ ਸ਼ੁੱਧ ਤੇ ਟਕਸਾਲੀ ਨਹੀਂ ਬਣਨ ਦਿੰਦਾ। ਬੋਲੀ ਦੇ ਉੱਪ-ਭਾਸ਼ਾਈ ਪ੍ਰਭਾਵ ਹੇਠ ਸ-ਸ਼-ਛ, ਵ-ਬ, ਮ-ਸ ਦੇ ਅੰਤਰ ਨਾ ਸਮਝ ਦੇ ਕਾਰਣ ਬੱਚੇ ਕਾਫੀ ਦੇਰ ਤੱਕ ਟਪਲੇ ਖਾਂਦੇ ਰਹਿੰਦੇ ਹਨ ਅਤੇ ਸ਼ਬਦਾਂ ਦਾ ਗਲਤ ਉੱਚਾਰਣ ਕਰਦੇ ਹਨ। ਉੱਚਾਰਣ ਦੀ ਇਹ ਅਸ਼ੁੱਧਤਾ ਉਨ੍ਹਾਂ ਦੀ ਲਿਖਤ ਵਿਚ ਵੀ ਤੁਰੀ ਜਾਂਦੀ ਹੈ।

**2.1.9.3 ਮਨੋਵਿਗਿਆਨਕ ਦੋਸ਼**

(i) ਬੱਚਿਆਂ ਦੀ ਔਕੜ ਕਈ ਵੇਰ ਮਨੋਵਿਗਿਆਨਕ ਦੋਸ਼ਾਂ ਅਤੇ ਮਾਨਸਿਕ ਗੁੱਠਲਾਂ ਕਰਕੇ ਹੁੰਦੀ ਹੈ। 'ਥਥਲਾਪਣ', ਸਰੀਰਕ ਦੋਸ਼ ਵੀ ਅਤੇ ਮਾਨਸਿਕ ਦੋਸ਼ ਵੀ। ਕਿਸੇ ਸਮੇਂ ਅਣਚਾਹੀ ਹੱਡਬੀਤੀ ਦੀ ਛਾਪ ਉਸਦੇ ਅਚਤੇ ਮਨ ਉਪਰ ਲਗ ਜਾਂਦੀ ਹੈ, ਜਿਸਦੇ ਸਿੱਟੇ ਵਜੋਂ ਕਿਸੇ ਵਿਸ਼ੇਸ਼ ਆਵਾਜ਼ ਦੇ ਉੱਚਾਰਣ ਕਰਨ ਸਮੇਂ ਉਸਦੀ ਜ਼ਬਾਨ ਥਥਲਾਉਣ ਲੱਗ ਪੈਂਦੀ ਹੈ। ਉਂਵ ਬਾਕੀ ਆਵਾਜ਼ਾਂ ਤੇ ਸ਼ਬਦ ਦੇ ਉੱਚਾਰਣ ਉਹ ਭਲੀਭਾਂਤ ਕਰ ਲੈਂਦਾ ਹੈ। ਅਜਿਹੇ ਬੱਚਿਆਂ ਦੇ ਤਜਰਬੇ ਪਿੱਛੇ ਕੋਈ ਨਾ ਕੋਈ ਘਟਨਾ ਹੁੰਦੀ ਹੈ, ਜਿਸਦਾ ਮਾਨਸਿਕ ਪਰਛਾਵਾਂ ਉਨ੍ਹਾਂ ਦੀ ਜ਼ਬਾਨ ਨੂੰ ਥਥਲਾਉਣ ਦਾ ਕਾਰਨ ਬਣਦਾ ਹੈ। ਜੇ ਡਾਕਟਰੀ ਪ੍ਰੀਖਿਆ ਵਿਚ ਕੋਈ ਸਰੀਰਕ ਦੋਸ਼ ਨਾ ਲੱਭੇ ਤਾਂ ਜ਼ਰੂਰੀ ਹੈ ਕਿ ਉਸਦਾ ਦੋਸ਼ ਮਨੋਵਿਗਿਆਨਕ ਹੈ।

(ii) ਕਈ ਵਾਰ ਹੀਣਤਾ-ਭਾਵ ਦੇ ਭਾਵਾਤਮਕ ਸੁਰੱਖਿਆ ਦੀ ਅਣਹੋਂਦ ਬੱਚਿਆਂ ਦੇ ਉਚਾਰਨ ਵਿਗੜਨ ਦਾ ਕਾਰਨ ਬਣਦੀ ਹੈ। ਕਈ ਬੱਚੇ ਬਾਹਰ ਤਾਂ ਚੰਗਾ ਭਲਾ ਬੋਲਦੇ ਹਨ, ਪਰੰਤੂ ਅਧਿਆਪਕ ਦੀ ਹਾਜ਼ਰੀ ਵਿਚ ਉਹਨਾ ਦੀ ਜ਼ਬਾਨ ਕੰਮ ਨਹੀਂ ਕਰਦੀ। ਇਸਦੀ ਪਿਛੋਕੜ ਵਿਚ ਵੀ ਕੋਈ ਨਾ ਕੋਈ ਘਟਨਾ ਹੁੰਦੀ ਹੈ, ਜਿਸਦਾ ਤਲਖ ਤਜ਼ਰਬਾ ਬੱਚੇ ਦੇ ਆਤਮ-ਵਿਸ਼ਵਾਸ ਨੂੰ ਭੰਗ ਕਰ ਦਿੰਦਾ ਹੈ।

**2.1.10 ਅਸ਼ੁੱਧ ਉਚਾਰਨ ਦੇ ਲਈ ਯਤਨ :**

ਉੱਚਾਰਣ ਸੋਧਣ ਲਈ ਕੋਈ ਯਤਨ ਆਰੰਭ ਕਰਨ ਤੋਂ ਪਹਿਲਾਂ ਉੱਚਾਰਣ ਦੀ ਅਸ਼ੁੱਧਤਾ ਦੇ ਕਾਰਨ ਦੇ ਲੱਭੇ ਜਾਣ ਫਿਰ ਉਸਦੇ ਮੁਤਾਬਕ ਹੀ ਉਪਾਅ ਕੀਤੇ ਜਾਣੇ ਚਾਹੀਦੇ ਹਨ। ਉਪਰੋਕਤ ਕਾਰਨਾਂ ਨੂੰ ਮੁੱਖ ਰੱਖਦਿਆਂ ਹੋਇਆਂ ਸਮੁੱਚੇ ਤੌਰ ਤੇ ਕੁੱਝ ਸੁਝਾਅ ਪੇਸ਼ ਹਨ।

(i) ਥਥਲਾਉਣ ਵਾਲੇ ਬੱਚਿਆਂ ਦਾ ਡਾਕਟਰੀ ਨਿਰੀਖਣ ਕਰਵਾਇਆ ਜਾਵੇ ਤੇ ਬਕਾਇਦਾ ਡਾਇਰੀ ਰੱਖੀ ਜਾਵੇ। ਅਜਿਹੇ ਕਈ ਕੇਸ ਛੋਟੇ ਮੋਟੇ ਉਪਰੇਸ਼ਨ ਅਤੇ ਡਾਕਟਰੀ ਸਹਾਇਤਾ ਨਾਲ ਠੀਕ ਹੋ ਜਾਂਦੇ ਹਨ।

(ii) ਕਈ ਮਾਮੂਲੀ ਸਰੀਰਕ ਨੁਕਸ ਅਧਿਆਪਕ ਦੇ ਯਤਨਾਂ ਨਾਲ ਵੀ ਠੀਕ ਹੋ ਸਕਦੇ ਹਨ। ਗਲੇ ਅਤੇ ਸਾਹ ਨਲੀ ਨੂੰ ਠੀਕ ਕਰਨ ਲਈ ਬੱਚਿਆਂ ਨੂੰ ਲੰਮੇ ਸਾਹ ਲੈਣ ਦੇ ਅਭਿਆਸ ਦਿੱਤੇ ਜਾ ਸਕਦੇ ਹਨ। ਭਕਾਨਿਆਂ ਵਿਚ ਮੂੰਹ ਨਾਲ ਫੂਕ ਭਰਨੀ, ਫੁੱਲਾਂ ਨੂੰ ਸ਼ਾਹ ਭਰ ਕੇ ਸੁੰਘਣਾ, ਇਕੋ-ਸਾਹੇ ਤੇਜ਼ੀ ਨਾਲ ਦੌੜਦਿਆਂ ਹੋਇਆਂ ਕਮਰੇ ਵਿਚ ਚਾਰ ਚੁਫੇਰੇ ਜੱਗ ਰਹੀਆਂ ਬੱਤੀਆਂ ਨੂੰ ਬੁਝਾਉਣਾ ਇਤਿਆਦ ਅਭਿਆਸ ਸਹਾਈ ਹੋ ਸਕਦੇ ਹਨ। ਜੀਭ ਨੂੰ ਢਿੱਲਿਆਂ ਛੱਡ ਕੇ, ਪਕੜ ਕੇ, ਉੱਚਾ ਨੀਵਾਂ ਕਰਕੇ 'ਲਾਲ ਲੇ ਲੂ ਲੀ ਲੋ' ਆਦਿ ਲੰਮੀਆਂ ਆਵਾਜ਼ਾਂ ਦਾ ਕਾਹਲੀ ਨਾਲ ਉੱਚਾਰਣ ਕਰਨਾ ਚਾਹੀਦਾ ਹੈ।

(iii) ਆਵਾਜ਼ਾਂ ਦਾ ਨਿਖੇੜ ਨਾ ਕਰ ਸਕਣ ਵਾਲੇ ਬੱਚਿਆਂ ਨੂੰ ਤੇਜ਼ੀ ਨਾਲ ਰਲਵੇਂ ਮਿਲਵੇਂ ਉੱਚਾਰਣ ਕਰਨ ਦੀ ਪ੍ਰੈਕਟਿਸ ਕਰਾਉਣੀ ਚਾਹੀਦੀ ਹੈ। ਬੱਚੇ ਜਿਹਨਾਂ ਦੋ ਆਵਾਜ਼ਾਂ ਨੂੰ ਨਿਖੇੜ ਨਹੀਂ ਸਕਦੇ, ਉਹਨਾਂ ਆਵਾਜ਼ਾਂ ਨੂੰ ਨਾਲ-ਨਾਲ ਉੱਚਾਰਣ ਵਾਲੇ ਵਾਕ ਬਣਾ ਕੇ ਅਭਿਆਸ ਲਈ ਦਿੱਤੇ ਜਾਣੇ ਚਾਹੀਦੇ ਹਨ।

(iv) ਭਾਵਾਤਮਕ ਸੁਰੱਖਿਆ ਪ੍ਰਦਾਨ ਕਰਨ ਵਾਸਤੇ ਬੱਚਿਆਂ ਨੂੰ ਗਰੁੱਪ ਵਿਚ ਰਲਕੇ ਪੜ੍ਹਨ ਜਾਂ ਗਾਉਣ ਦਾ ਮੌਕਾ ਦਿੱਤਾ ਜਾਵੇ।

(v) ਹੀਣਤਾ ਭਾਵ ਵਿਚ ਬੱਚੇ ਅਧਿਆਪਕ ਦਾ ਵਿਸ਼ੇਸ਼ ਧਿਆਨ ਮੰਗਦੇ ਹਨ। ਅਧਿਆਪਕ ਬੱਚਿਆਂ ਨਾਲ ਆਪਣੇ ਸਲੀਕੇ ਨੂੰ ਵਧੇਰੇ ਸੁਖਾਵਾਂ, ਨਿੱਘਾ ਤੇ ਪਿਆਰ ਭਰਿਆ ਬਣਾਵੇ। ਜਮਾਤ ਵਿਚ ਉਸਦਾ ਮਾਣ ਸਥਾਪਤ ਕੀਤਾ ਜਾਵੇ। ਜਮਾਤ ਤੋਂ ਬਾਹਰ ਵੀ ਅਧਿਆਪਕ ਨੂੰ ਜਦੋਂ ਮਿਲਣ ਦਾ ਮੌਕਾ ਮਿਲੇ ਤਾਂ ਉਸ ਦੀਆਂ ਨਿੱਜੀ ਲੋੜਾਂ ਵਿਚ ਦਿਲਚਸਪੀ ਲੈ ਕੇ ਅਪਣਤ ਦੀ ਭਾਵਨਾ ਪ੍ਰਗਟਾਵੇ। ਚੰਗੇ ਵਾਤਾਵਰਣ ਵਿਚ ਨਿੱਤ ਦਾ ਮੇਲ ਮਿਲਾਪ ਬੱਚਿਆਂ ਅੰਦਰੋਂ ਅਧਿਆਪਕ ਸੰਬੰਧੀ ਡਰ ਦੂਰ ਕਰ ਦੇਵੇਗਾ ਤੇ ਕੋਈ ਵੀ ਅਧਿਆਪਕ ਉਸ ਲਈ ਹਊਏ ਦਾ ਰੂਪ ਨਹੀਂ ਬਣੇਗਾ।

(vi) ਜਮਾਤ ਵਿਚ ਪੜ੍ਹਾਉਣ ਸਮੇਂ ਗਲਤ ਉਚਾਰੇ ਗਏ ਸ਼ਬਦਾਂ ਦੀ ਉਸੇ ਵੇਲੇ ਸੋਧ ਕਰਕੇ ਡਰਿਲ (Drill) ਕਰਵਾਈ ਜਾਵੇ। ਅੱਗੇ-ਅੱਗੇ ਅਧਿਆਪਕ ਅਤੇ ਵਿਦਿਆਰਥੀ ਉਸ ਦੇ ਪਿੱਛੇ ਬੋਲਣ। ਅਜਿਹੇ ਅਭਿਆਸ ਲੋੜ ਅਨੁਸਾਰ ਸਮੁੱਚੀ ਜਮਾਤ ਨੂੰ ਦਿੱਤੇ ਜਾ ਸਕਦੇ ਹਨ।

(vii) ਸ਼ੁੱਧ ਉੱਚਾਰਣ ਦਾ ਨਮੂਨਾ ਪੇਸ਼ ਕਰਨ ਵਾਸਤੇ 'ਟੇਪ' ਦੀ ਸਹਾਇਤਾ ਲਈ ਜਾ ਸਕਦੀ ਹੈ।

**2.1.11 ਸਾਰ :**

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜਿਥੇ ਮੌਖਿਕ ਪ੍ਰਗਟਾਅ ਦੀ ਮਹਾਨਤਾ ਹੈ ਉਥੇ ਸੁਨਣ ਕੋਸ਼ਲ ਦੀ ਵੀ ਉਤਨੀ ਹੀ ਮਹਾਨਤਾ ਹੈ। ਜੇਕਰ ਕੋਈ ਵਿਦਿਆਰਥੀ ਧਿਆਨ ਨਾਲ ਸੁਣੇਗਾ ਨਹੀਂ ਤਾਂ ਉਹ ਬੋਲ ਵੀ ਠੀਕ ਢੰਗ ਨਾਲ ਨਹੀਂ ਸਕੇਗਾ। ਮੌਖਿਕ ਪ੍ਰਗਟਾਅ ਦੌਰਾਨ ਜੇ ਇੱਕ ਵਿਦਿਆਰਥੀ ਘਰ ਦੀਆਂ ਖਬਰਾਂ ਸੁਣਾਏਗਾ, ਆਪਸੀ ਗੱਲਬਾਤ ਕਰੇਗਾ, ਗੋਸ਼ਟੀ ਜਾਂ ਵਾਦ ਵਿਵਾਦ ਵਿੱਚ ਭਾਗ ਲਏਗਾ, ਜਾਂ ਫਿਰ ਬਾਲ ਸਭਾ ਵਿੱਚ ਆਪਣੇ ਵਿਚਾਰ

ਪ੍ਰਗਟ ਕਰੇਗਾ ਤਾਂ ਦੂਸਰੇ ਵਿਦਿਆਰਥੀ ਧਿਆਨ ਨਾਲ ਉਸ ਨੂੰ ਸੁਨਣਗੇ। ਜੋ ਧਿਆਨ ਨਾਲ ਸੁਣੇਗਾ ਉਹੀ ਵਿਦਿਆਰਥੀ ਅਗੇ ਤੋਂ ਵਧੀਆ ਮੌਖਿਕ ਪ੍ਰਗਟਾਅ ਵਿੱਚ ਹਿੱਸਾ ਲੈ ਸਕੇਗਾ। ਵਧੀਆ ਤਰਕ ਦੀਆਂ ਦਲੀਲਾਂ ਦੇ ਸਕੇਗਾ। ਜਿਹੜਾ ਵਿਦਿਆਰਥੀ ਪੂਰੀ ਗੱਲ ਧਿਆਨ ਨਾਲ ਸੁਣੇਗਾ ਹੀ ਨਹੀਂ ਉਹ ਠੀਕ ਤਰੀਕੇ ਨਾਲ ਬੋਲ ਹੀ ਨਹੀਂ ਸਕੇਗਾ। ਮੌਖਿਕ ਪ੍ਰਗਟਾਅ ਅਤੇ ਸੁਣਨ ਕੌਸ਼ਲ ਦੇ ਅਭਿਆਸ ਨਾਲ ਹੀ ਅਸੀਂ ਬੱਚਿਆਂ ਦਾ ਉਚਾਰਨ ਸ਼ੁੱਧ ਕਰ ਸਕਦੇ ਹਾਂ। ਇਸ ਲਈ ਹਰ ਅਧਿਆਪਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਜਮਾਤ ਵਿੱਚ ਮੌਖਿਕ ਪ੍ਰਗਟਾਅ ਦੇ ਨਾਲ-ਨਾਲ, ਸੁਣਨ ਕੌਸ਼ਲ ਦਾ ਅਭਿਆਸ ਅਤੇ ਪਰਖ ਕਰਵਾਏ।

**2.1.12 ਮੁੱਖ ਬਿੰਦੂ: 1. ਸੁਣਨ ਕੌਸ਼ਲ ਤੇ ਸਮਝਣ ਕੌਸ਼ਲ:** ਸੁਣਨ ਦਾ ਅਰਥ ਹੈ ਧਿਆਨ ਨਾਲ ਸੁਣ ਕੇ ਉਸ ਨੂੰ ਸਮਝਣਾ।

**2. ਮੌਖਿਕ ਕ੍ਰਿਆਵਾ:** ਅਧਿਆਪਕ ਵਿਦਿਆਰਥੀ ਨੂੰ ਸਮੇ ਸਮੇ ਤੇ ਬੋਲਣ ਲਈ ਉਤਸਾਹਿਤ ਕਰਦਾ ਹੈ। ਇਸ ਨੂੰ ਮੌਖਿਕ ਪ੍ਰਗਟਾਅ ਕਿਹਾ ਜਾਂਦਾ ਹੈ।

**2.1.13 ਸਵੈ ਮੁਲਾਂਕਣ:**

1. ..........ਮੁਕਾਬਲਿਆ ਵਿਚ ਸੁਣਨ ਕੌਸ਼ਲ ਦੇ ਪ੍ਰਯੋਗ ਦੀ ਝਲਕ ਦੇਖਣ ਨੂੰ ਮਿਲਦੀ ਹੈ।
2. .........ਸਮਾਜ ਵਿਚ ਹਰੇਕ ਵਿਅਕਤੀ ਦੇ ਵਿਚਾਰਾਂ ਦਾ ਆਦਰ ਹੋਣਾ ਚਾਹੀਦਾ ਹੈ।
3. ਰੇਡਿਓ ਸੁਣਨਾ ਵੀ........ ਕੌਸ਼ਲ ਦਾ ਬਹੁਤ ਵਧੀਆਂ ਮਹੱਤਵ ਹੈ।
4. ਭਾਸਾ ਸਿਖਿਆ ਵਿਚ.......ਦਾ ਬਹੁਤ ਮਹੱਤਵ ਹੈ।
5. ਸੁਣਨ ਤੋ ਬਾਅਦ.........ਦਾ ਪੜਾਅ ਆਉਦਾ ਹੈ।

**ਉਤਰ** 1. ਵਾਦ-ਵਿਵਾਦ 2. ਲੋਕਤੰਤਰੀ 3. ਸੁਣਨ 4. ਟੇਪ-ਰਿਕਾਰਡ 5. ਬੋਲਣ

**2.1.12 ਅਭਿਆਸ ਲਈ ਪ੍ਰਸ਼ਨ :**

1. ਸਵੈ-ਪ੍ਰਗਟਾਵਾ ਮਾਤ-ਭਾਸ਼ਾ ਪੜ੍ਹਾਉਣ ਦਾ ਇਕ ਜ਼ਰੂਰੀ ਉਦੇਸ਼ ਹੈ। ਮੌਖਿਕ ਰੂਪ ਵਿਚ ਇਸਦੀ ਪ੍ਰਾਪਤੀ ਲਈ ਕੀ ਯਤਨ ਕੀਤੇ ਜਾ ਸਕਦੇ ਹਨ?
2. ਇਕ ਪ੍ਰਾਇਮਰੀ ਸਕੂਲ ਵਿਚ ਮੌਖਿਕ-ਕ੍ਰਿਆਵਾ ਦਾ ਕੀ ਸਥਾਨ ਹੈ? ਇਸ ਸੰਬੰਧੀ ਕੀ ਯਤਨ ਕੀਤੇ ਜਾ ਸਕਦੇ ਹਨ, ਵੇਰਵੇ ਨਾਲ ਦੱਸੋ?
3. ਬੱਚਿਆਂ ਦੇ ਅਸ਼ੁੱਧ ਉੱਚਾਰਣ ਦੇ ਕੀ ਕਾਰਨ ਹੁੰਦੇ ਹਨ? ਕਿਸੇ ਅਜਿਹੇ ਬੱਚੇ ਦੇ ਸੁਧਾਰ ਸੰਬੰਧੀ ਪ੍ਰੋਗਰਾਮ ਉਲੀਕੋ?
4. ਬੋਲੀ ਸਿੱਖਿਆ ਵਿਚ ਕਹਾਣੀ ਸੁਣਾਉਣ ਨੂੰ ਕੀ ਸਥਾਨ ਪ੍ਰਾਪਤ ਹੁੰਦਾ ਹੈ? ਵੱਖ-ਵੱਖ ਪੱਧਰ ਉੱਤੇ ਇਸਦੀ ਵਰਤੋਂ ਬਾਰੇ ਵਿਚਾਰ ਕਰੋ?
5. ਸੁਣਨ ਕੌਸ਼ਲ ਕੀ ਹੈ? ਬੋਲੀ ਸਿੱਖਿਆ ਤੇ ਸੁਣਨ ਕੌਸ਼ਲ ਦਾ ਆਪਸ ਵਿਚ ਕੀ ਸੰਬੰਧ ਹੈ,

**2.1.13 ਪੁਸਤਕ ਸੂਚੀ**


1. ਸੁਖਵਿੰਦਰ ਸਿੰਘ ਸੇਖੋਂ ਅਤੇ ਮਨਦੀਪ ਕੌਰ ਸੇਖੋਂ : ਪੰਜਾਬੀ ਭਾਸ਼ਾ ਦਾ ਅਧਿਆਪਨ
2. ਡਾਕਟਰ ਮਹਿੰਦਰ ਸਿੰਘ : ਪੰਜਾਬੀ ਕਿਵੇਂ ਪੜ੍ਹਾਈ ਜਾਵੇ
3. ਆਰ. ਐਨ. ਸਫਾਇਆ : ਪੰਜਾਬੀ ਸਿੱਖਣ ਦੀ ਵਿਧੀ
4. ਰੋਸ਼ਨ ਲਾਲ ਆਹੂਜਾ : ਮਾਤ-ਭਾਸ਼ਾ ਦੀ ਸਿੱਖਿਆ
5. ਦੀਵਾਨ ਸਿੰਘ : ਮਾਤ-ਭਾਸ਼ਾ ਦੀ ਸਿੱਖਿਆ
6. ਜਸਵੰਤ ਸਿੰਘ ਜਸ : ਮਾਤ-ਭਾਸ਼ਾ ਦੀ ਸਿੱਖਿਆ ਵਿਧੀ

**ਪਾਠ ਨੰ: 2.2**

Updated by Dr. Pushpinder Kaur on July, 2025

## ਪੜ੍ਹਨ ਦੀ ਸਿੱਖਿਆ (ਵਾਰਤਕ)

2.2.1 ਉਦੇਸ਼
2.2.2 ਜਾਣ-ਪਛਾਣ
2.2.3 ਪੜ੍ਹਨਾ ਸਿਖਾਉਣ ਦਾ ਅਰਥ
2.2.4 ਪੜ੍ਹਨਾ ਸਿਖਾਉਣ ਦੇ ਉਦੇਸ਼
2.2.5 ਪੜ੍ਹਨਾ ਸਿਖਾਉਣ ਦੀਆਂ ਵਿਧੀਆਂ
2.2.6 ਸਵੈ ਅਭਿਆਸ
2.2.7 ਵਾਚਨ ਦੀਆਂ ਕਿਸਮਾਂ
2.2.7.1 ਸੂਖਮ ਵਾਚਨ
2.2.7.2 ਸਥੂਲ ਵਾਚਨ
2.2.8 ਵਾਚਨ ਦੇ ਢੰਗ
2.2.8.1 ਉੱਚੀ ਪਾਠ
2.2.8.2 ਮੋਨ ਪਾਠ
2.2.9 ਬੱਚਿਆ ਅੰਦਰ ਚੰਗੀਆਂ ਪੜ੍ਹਨ ਰੁੱਚੀਆ ਉਤੇਜਿਤ ਕਰਨ ਲਈ ਯਤਨ ਕਰਨਾ
2.2.10 ਸਾਰ
2.2.11 ਮੁੱਖ ਬਿੰਦੂ
2.3.12 ਸਵੈ ਮੁਲਾਂਕਣ
2.2.13 ਅਭਿਆਸੀ ਪ੍ਰਸ਼ਨ
2.2.14 ਸੁਝਾਈਆਂ ਪੁਸਤਕਾਂ

**2.2.1 ਉਦੇਸ਼ :**

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਸਕਣਗੇ ਕਿ:

(i) ਬੱਚਿਆਂ ਨੂੰ ਕਿਵੇਂ ਪੜ੍ਹਨਾ ਸਿਖਾਉਣਾ ਹੈ?
(ii) ਬੱਚਿਆਂ ਨੂੰ ਪੜ੍ਹਨਾ ਸਿਖਾਉਣ ਦੀਆਂ ਕਿਹੜੀਆਂ ਵਿਧੀਆਂ ਹਨ?
(iii) ਬੱਚਿਆਂ ਨੂੰ ਪੜ੍ਹਨਾ ਸਿਖਾਉਣ ਦੀਆਂ ਕਿੰਨੀਆਂ ਕਿਸਮਾਂ ਹਨ?
(iv) ਪੜ੍ਹਨ ਵਿੱਚ ਬੱਚੇ ਪਛੜਦੇ ਕਿਉਂ ਹਨ ਅਤੇ ਉਨਾਂ ਵਿੱਚ ਕਿਵੇਂ ਸੁਧਾਰ ਕੀਤਾ ਜਾ ਸਕਦਾ ਹੈ?

**2.2.2 ਜਾਣ-ਪਛਾਣ :**

ਯੂਰਪ ਵਿਚ ਹੋਈਆਂ ਖੋਜਾਂ ਦਸਦੀਆਂ ਹਨ ਕਿ ਸਾਢੇ ਪੰਜ ਸਾਲ ਤੋਂ ਲੈ ਕੇ ਸਾਢੇ ਛੇ ਕੁ ਸਾਲ ਤੱਕ ਦੀ ਅਵਸਥਾ ਬੱਚਿਆਂ ਨੂੰ ਪੜ੍ਹਾਈ ਦੀ ਸਿੱਖਿਆ ਆਰੰਭ ਕਰਨ ਲਈ ਢੁਕਵਾਂ ਸਮਾਂ ਹੈ। ਜੋਨ ਡਿਊਈ (John Dewey) ਇਸ ਕੰਮ ਲਈ ਅੱਠ ਸਾਲ ਦੀ ਅਵਸਥਾ ਵਧੇਰੇ ਚੰਗੀ ਦੱਸਦਾ ਹੈ। ਬੇਸਿਕ ਸਿੱਖਿਆ ਅਨੁਸਾਰ ਸੱਤ ਸਾਲ ਦਾ ਬੱਚਾ ਸਕੂਲ ਪੜ੍ਹਨ ਲਈ ਭੇਜਿਆ ਜਾਣਾ ਚਾਹੀਦਾ ਹੈ। ਹਰ ਹਾਲਤ ਵਿਚ ਪੜ੍ਹਨਾ ਸਿਖਾਉਣ ਦਾ ਕੰਮ ਉਦੋਂ ਆਰੰਭ ਕੀਤਾ ਜਾਂਦਾ ਹੈ ਜਦੋਂ ਮੌਖਿਕ ਕਿਰਿਆਵਾਂ ਰਾਹੀਂ ਭਾਸ਼ਾ ਦੀ ਲੋੜੀਂਦੀ ਪਿਛੋਕੜ ਤਿਆਰ ਹੋ ਚੁੱਕੀ ਹੋਵੇ। ਪੇਂਡੂ ਬੱਚਿਆਂ ਨਾਲੋਂ ਸ਼ਹਿਰੀ ਬੱਚੇ ਪੜ੍ਹਨ ਵਾਸਤੇ ਛੇਤੀ ਤਿਆਰ ਹੋ ਜਾਂਦੇ ਹਨ। ਪੜ੍ਹੇ ਲਿਖੇ ਮਾਪੇ, ਘਰਾਂ ਵਿਚ ਵੱਡੇ ਭੈਣ ਭਰਾ

ਦਾ ਛੋਟੇ ਬੱਚੇ ਸਾਹਮਣੇ ਪੜ੍ਹਨਾ, ਤਸਵੀਰਾਂ ਵਾਲੀਆਂ ਪੁਸਤਕਾਂ, ਅਖਬਾਰਾਂ ਤੇ ਰਸਾਲਿਆਂ ਦਾ ਆਮ ਮਿਲ ਜਾਣਾ, ਬੱਚਿਆਂ ਨੂੰ ਛੇਤੀ ਪੜ੍ਹਨ ਲਈ ਰੁਚਿਤ ਕਰ ਦਿੰਦਾ ਹੈ। ਇਸ ਤੋਂ ਛੁੱਟ ਸ਼ਹਿਰਾਂ ਵਿਚਲਾ ਸਮੁੱਚਾ ਵਾਤਾਵਰਣ ਹੀ ਬੱਚਿਆਂ ਨੂੰ ਪੜ੍ਹਨ ਵਾਸਤੇ ਹੋਰ ਵੀ ਪ੍ਰੇਰਨਾ ਦਿੰਦਾ ਹੈ। ਬਾਜ਼ਾਰਾਂ, ਸੜਕਾਂ, ਦੁਕਾਨਾਂ, ਅੱਡਿਆਂ, ਸਟੇਸ਼ਨਾਂ, ਦਫਤਰਾਂ ਆਦਿ ਥਾਵਾਂ ਤੇ ਮੋਟੇ ਅੱਖਰਾਂ ਨਾਲ ਲਿਖੇ ਹੋਏ ਬੋਰਡ, ਥਾਂ-ਥਾਂ ਕੰਧਾਂ ਉੱਤੇ ਲੱਗੇ ਤਸਵੀਰੀ-ਇਸ਼ਤਿਹਾਰ ਉਨ੍ਹਾਂ ਅੰਦਰ ਪੜ੍ਹਨ ਦੀ ਰੀਝ ਨੂੰ ਉਤੇਜਿਤ ਕਰਦੇ ਰਹਿੰਦੇ ਹਨ।

**2.2.3 ਪੜ੍ਹਨਾ ਸਿਖਾਉਣ ਦਾ ਅਰਥ ਤੇ ਪਰਿਭਾਸ਼ਾ :**

ਲਿਪੀ ਬੱਧ ਅੱਖਰਾਂ ਦੇ ਜਬਾਨੀ ਪ੍ਰਗਟਾ ਨੂੰ ਪੜਨਾ ਜਾਂ ਵਾਚਨ ਆਖਦੇ ਹਨ। ਭਾਸ਼ਾ ਸਿੱਖਿਆ ਵਿਚ ਪੜ੍ਹਨ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਕਿਸੇ ਵਿਅਕਤੀ ਨੂੰ ਉਦੋਂ ਤੱਕ ਪੜ੍ਹਿਆ ਨਹੀਂ ਮੰਨਿਆ ਜਾਂਦਾ ਜਦ ਤਕ ਉਹ ਪੜ੍ਹ ਲਿਖ ਨਾ ਸਕਦਾ ਹੋਵੇ ਇਸ ਲਈ ਸਭ ਤੋਂ ਪਹਿਲਾਂ ਵਾਚਨ ਸਿਖਾਇਆ ਜਾਂਦਾ ਹੈ ਤੇ ਫਿਰ ਲਿਖਣਾ ਸਿਖਾਇਆ ਜਾਂਦਾ ਹੈ। ਪੜ੍ਹਨ ਨਾਲ ਆਪਣੇ ਮਨ ਵਿਚ ਜੋ ਜਗਿਆਸਾ ਪੈਦਾ ਹੁੰਦੀ ਹੈ ਉਸਨੂੰ ਸ਼ਾਤ ਕੀਤਾ ਜਾ ਸਕਦਾ ਹੈ ਜਿਸ ਨਾਲ ਦਿਮਾਗ ਤੇ ਸਖਸ਼ੀਅਤ ਦੇ ਵਿਕਾਸ ਵਿਚ ਸਹਾਇਤਾ ਮਿਲਦੀ ਹੈ ਅੱਜਕਲ ਦੇ ਗੁੰਝਲ ਭਰੇ ਜੀਵਨ ਵਿਚ ਪੜ੍ਹਨ ਨਾਲ ਮਨ ਨੂੰ ਸਾਂਤੀ ਤੇ ਅਰਾਮ ਮਿਲਦਾ ਹੈ। ਕਹਾਣੀਆਂ, ਨਾਵਲ, ਨਾਟਕ ਤੇ ਕਵਿਤਾਵਾਂ ਪੜ੍ਹਨ ਨਾਲ ਮਨੁੱਖ ਨੂੰ ਮਾਨਸਿਕ ਆਨੰਦ ਮਿਲਦਾ ਹੈ।

ਪੜ੍ਹਨਾ ਮਾਨਸਿਕ ਕਿਰਿਆ ਦੇ ਨਾਲ-ਨਾਲ ਸਰੀਰਕ ਕਿਰਿਆ ਵੀ ਹੈ ਜੋ ਹਰ ਪੱਖ ਤੋਂ ਬੱਚੇ ਦੀ ਸਰੀਰਕ ਯੋਗਤਾ ਦੀ ਮੰਗ ਕਰਦੀ ਹੈ ਬੱਚੇ ਦੇ ਕੰਨ, ਨੱਕ, ਜੀਭ, ਸਾਹ ਨਲੀ ਤੇ ਅੱਖਾਂ ਆਦਿ ਸਭ ਅੰਗ ਅਰੋਗ ਹੋਣੇ ਚਾਹੀਦੇ ਹਨ। ਪੜ੍ਹਨਾ ਸਿੱਖਣ ਲਈ ਬੱਚੇ ਦਾ ਨਿੱਜੀ ਬੁੱਧੀ ਪੱਧਰ ਵੀ ਆਪਣਾ ਅਸਰ ਰੱਖਦਾ ਹੈ ਵਧੇਰੇ ਚੇਤੰਨ ਬੱਚੇ ਛੇਤੀ ਪੜ੍ਹਨ ਲਈ ਤਿਆਰ ਹੋ ਜਾਂਦੇ ਹਨ। ਸੁਸਤ ਤੇ ਘੱਟ ਬੁੱਧੀ ਵਾਲੇ ਬੱਚੇ ਦੇਰ ਨਾਲ ਪੜ੍ਹਨ ਲਈ ਤਿਆਰ ਹੁੰਦੇ ਹਨ ਪੜ੍ਹਨ ਸਿੱਖਿਆ ਵਿਚ ਘਰ ਦਾ ਵਾਤਾਵਰਨ ਵੀ ਵਿਸ਼ੇਸ਼ ਅਸਰ ਰੱਖਦਾ ਹੈ ਜਾਂ ਪੜ੍ਹੇ-ਲਿਖੇ ਘਰਾਂ ਵਿਚ ਵੱਡੇ ਭੈਣ-ਭਰਾਵਾਂ ਦਾ ਛੋਟੇ ਬੱਚਿਆਂ ਸਾਹਮਣੇ ਪੜ੍ਹਨਾ, ਘਰਾਂ ਵਿਚ ਤਸਵੀਰਾਂ ਵਾਲੀਆਂ ਪੁਸਤਕਾਂ, ਅਖ਼ਬਾਰਾਂ ਤੇ ਰਸਾਲਿਆਂ ਦਾ ਅਸਾਨੀ ਨਾਲ ਮਿਲ ਜਾਣਾ ਬੱਚਿਆਂ ਨੂੰ ਛੇਤੀ ਪੜ੍ਹਨ ਲਈ ਰੁਚਿਤ ਕਰ ਦਿੰਦਾ ਹੈ। ਇਸ ਤੋਂ ਬਿਨਾਂ ਬਜ਼ਾਰਾਂ, ਸੜਕਾਂ, ਦੁਕਾਨਾਂ, ਦਫ਼ਤਰਾਂ, ਬੱਸ ਅੱਡਿਆਂ ਤੇ ਸਟੇਸ਼ਨਾਂ ਆਦਿ ਉੱਤੇ ਮੋਟੇ-ਮੋਟੇ ਅੱਖਰਾਂ ਨਾਲ ਲਿਖੇ ਬੋਰਡ, ਥਾਂ-ਥਾਂ ਕੰਧਾਂ ਤੇ ਲੱਗੇ ਤਸਵੀਰੀ ਇਸਤਿਹਾਰ ਵੀ ਬੱਚਿਆਂ ਵਿਚ ਪੜ੍ਹਨ ਰੁਚੀ ਉਤੇਜਿਤ ਕਰਨ ਵਿੱਚ ਸਹਾਇਕ ਹੁੰਦੇ ਹਨ।

ਪੜ੍ਹਨ ਸਿੱਖਿਆ ਤੋਂ ਪਹਿਲਾਂ ਭਾਸ਼ਾ ਸੰਬੰਧੀ ਧੁਨੀਆਂ ਨੂੰ ਜਾਣਨਾ ਤੇ ਸੁਣਨਾ ਜ਼ਰੂਰੀ ਹੈ। ਪੜ੍ਹਨ ਸਮੇਂ ਧੁਨੀਆਂ ਦੀ ਯਾਦ ਆ ਜਾਂਦੀ ਹੈ। ਅਸੀਂ ਅਰਥ ਗ੍ਰਹਿਣ ਕਰ ਲੈਂਦੇ ਹਾਂ ਇਸ ਲਈ ਕਹਿੰਦੇ ਹਨ ''ਸੁਣਨਾ ਭਾਵ ਪੜ੍ਹਨ ਦੀ ਪਹਿਲੀ ਅਵੱਸਥਾ'' ਇਸ ਲਈ ਪੜ੍ਹਨਾ ਸਿਖਾਉਣ ਤੋਂ ਪਹਿਲਾਂ ਜ਼ਬਾਨੀ ਕੰਮ ਤੇ ਜ਼ੋਰ ਦੇਣਾ ਚਾਹੀਦਾ ਹੈ।

ਬਾਬੂ ਰਾਮ ਸਕਸੈਨਾ ਅਨੁਸਾਰ, ''ਧੁਨੀਆਂ ਦੇ ਪ੍ਰਤੀਕ ਲਿਪੀਬੱਧ ਸ਼ਬਦਾਂ ਨੂੰ ਪੜ੍ਹ ਕੇ ਅਰਥ ਗ੍ਰਹਿਣ ਕਰਨ ਦੀ ਪ੍ਰਕ੍ਰਿਆ ਨੂੰ ਪੜ੍ਹਨਾ ਕਹਿੰਦੇ ਹਨ।''

ਇਸ ਤਰ੍ਹਾਂ ਪੜ੍ਹਨ ਦੀ ਪ੍ਰਕ੍ਰਿਆ ਤਦ ਤਕ ਪੂਰੀ ਨਹੀਂ ਹੁੰਦੀ ਜਦ ਤੱਕ ਅਰਥ ਗ੍ਰਹਿਣ ਨਾ ਕੀਤਾ ਜਾਏ ਕਿਉਂਕਿ ਅਰਥ ਗ੍ਰਹਿਣ ਕੀਤੇ ਬਿਨਾਂ ਪੜ੍ਹਨ ਦਾ ਕੋਈ ਲਾਭ ਨਹੀਂ।

ਕੁਝ ਸਿੱਖਿਆ ਸ਼ਾਸਤਰੀਆਂ ਦਾ ਇਸ ਗੱਲ ਤੇ ਵੀ ਮਤਭੇਦ ਹੈ ਕਿ ਸਿੱਖਿਆ ਦਾ ਮੁੱਢ ਲਿਖਣ ਤੋਂ ਕੀਤਾ ਜਾਵੇ ਜਾਂ ਪੜ੍ਹਨ ਤੋਂ ਪਰ ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਲਿਖਣ ਨਾਲੋਂ ਪੜ੍ਹਨਾ ਸਰਲ ਹੈ, ਗਾਧੀ ਜੀ ਨੇ ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਕਿਹਾ ਹੈ, ''ਲਿਖਣ ਤੋਂ ਪਹਿਲਾਂ ਪੜ੍ਹਨ ਦੀ ਸਿੱਖਿਆ ਦਿੱਤੀ ਜਾਵੇ। ਬਾਲਕ ਪਹਿਲਾਂ ਅੱਖਰਾਂ ਦੇ ਚਿੱਤਰ ਆਪਣੇ ਮਨ ਵਿਚ ਅੰਕਿਤ ਕਰ ਲਵੇ ਅਤੇ ਫਿਰ ਉਹਨਾਂ ਦੇ ਅਕਾਰ ਖਿੱਚਣੇ ਸਿੱਖੇ।''

**2.2.4 ਪੜ੍ਹਨਾ ਸਿਖਾਉਣ ਦੇ ਉਦੇਸ਼ :**

ਪਾਠ ਪੁਸਤਕ ਦਾ ਇਕ ਦੋ ਵਾਰ ਸਰਲ ਪਾਠ ਕਰਵਾ ਦੇਣ ਜਾਂ ਪਰੀਖਿਆ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਪਾਠ ਪੁਸਤਕ ਉੱਤੇ ਆਧਾਰਿਤ ਕੁਝ ਅਭਿਆਸ ਕਰਵਾ ਦੇਣ ਨਾਲ ਅਧਿਆਪਕ ਦਾ ਫਰਜ਼ ਪੂਰਾ ਨਹੀਂ ਹੋ ਜਾਂਦਾ,

ਸਗੋਂ ਵੱਖ-ਵੱਖ ਪੱਧਰ ਉੱਤੇ ਉਤਪੰਨ ਹੋਣ ਵਾਲੀਆਂ ਜੀਵਨ-ਲੋੜਾਂ ਵਿਚ ਭਾਸ਼ਾ ਦੇ ਪ੍ਰਯੋਗ ਨੂੰ ਸਮਝਣਾ ਅਤੇ ਇਸ ਸੰਬੰਧੀ ਯੋਗਤਾ ਪੈਦਾ ਕਰਨਾ ਜ਼ਰੂਰੀ ਹੈ ਅਤੇ ਬੱਚਿਆਂ ਅੰਦਰ ਪੜ੍ਹਨ ਦੀ ਰੁਚੀ ਪੈਦਾ ਕਰਨੀ ਵੀ ਉਸਦਾ ਫਰਜ਼ ਹੈ। ਪੜ੍ਹਨ ਸੰਬੰਧੀ ਮੋਟੇ-ਮੋਟੇ ਉਦੇਸ਼, ਸੰਖੇਪ ਰੂਪ ਵਿਚ ਹੇਠ ਅੰਕਿਤ ਕੀਤੇ ਜਾਂਦੇ ਹਨ :

(i) ਅੱਖਰ ਤੇ ਸ਼ਬਦ ਪਛਾਣ ਉਪਰੰਤ ਬੱਚਿਆਂ ਅੰਦਰ ਸਰਲਤਾ ਅਤੇ ਸਾਧਾਰਣ ਗਤੀ ਅਨੁਸਾਰ ਪੁਸਤਕ ਪੜ੍ਹਨ ਦੀ ਯੋਗਤਾ ਪੈਦਾ ਕਰਨੀ।

(ii) ਹਰੇਕ ਪ੍ਰਕਾਰ ਦੀ ਲਿਖਤ ਨੂੰ ਪੜ੍ਹ ਕੇ ਸਮਝ ਸਕਣ ਦੀ ਯੋਗਤਾ ਪੈਦਾ ਕਰਨੀ।

(iii) ਪੁਸਤਕ ਵਿਚ ਲੁੱਕੇ ਹੋਏ ਗਿਆਨ ਭੰਡਾਰ ਤੱਕ ਪਹੁੰਚ ਕੇ ਆਪਣੀ ਸੂਝ-ਬੂਝ ਅਤੇ ਜਾਣਕਾਰੀ ਵਿਕਸਿਤ ਕਰਨਾ।

(iv) ਬੱਚਿਆਂ ਦਾ ਉਚਾਰਣ ਠੀਕ ਕਰਨਾ। ਵਿਦਿਆਰਥੀਆਂ ਨੂੰ ਸ਼ਬਦ-ਧੁਨੀਆਂ ਦਾ ਗਿਆਨ ਕਰਾਉਣਾ।

(v) ਪੰਜਾਬੀ ਸਾਹਿਤ ਨਾਲ ਜਾਣਕਾਰੀ ਅਤੇ ਪਿਆਰ ਪੈਦਾ ਕਰਨਾ ਤਾਂ ਜੋ ਵਿਦਿਆਰਥੀ ਸਾਹਿਤਕ ਰਚਨਾਵਾਂ ਪੜ੍ਹ ਕੇ ਚੰਗੀਆਂ ਪ੍ਰੇਰਨਾਵਾਂ ਲੈ ਸਕਣ।

(vi) ਪੁਸਤਕ ਚੋਂ ਲੋੜੀਂਦੀ ਸਮੱਗਰੀ ਦੀ ਭਾਲ ਅਤੇ ਹਵਾਲਾ ਪੁਸਤਕਾਂ ਦੀ ਜਾਂਚ ਸਿਖਾਉਣੀ ਤੇ ਸਵੈ ਅਧਿਐਨ ਨਾਲ ਆਪਣੇ ਗਿਆਨ ਨੂੰ ਵਧਾਉਣਾ। ਪੜ੍ਹਾਈ ਸੰਬੰਧੀ ਸਿੱਖਿਆ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਅੱਖਰ, ਸ਼ਬਦਾ ਦਾ ਉਚਾਰਨ, ਬੱਲ, ਪ੍ਰਵਾਹ ਤੇ ਭਾਵਾਂ ਅਨੁਸਾਰ ਕਿਸੇ ਲਿਖਤ ਨੂੰ ਪੜ੍ਹਨ ਦੀ ਯੋਗਤਾ ਉਤਪੰਨ ਕਰਨਾ ਹੈ।

**2.2.5 ਪੜ੍ਹਨਾ ਸਿਖਾਉਣ ਦੀਆਂ ਵਿਧੀਆਂ :**

ਸਿੱਖਿਆ ਸੰਸਾਰ ਵਿੱਚ ਪੜ੍ਹਾਈ ਦੀ ਸਿੱਖਿਆ ਲਈ ਅਨੇਕ ਵਿਧੀਆਂ ਪ੍ਰਚਲਤ ਹਨ। ਉਹਨਾਂ ਵਿੱਚ ਕੁਝ ਇਸ ਤਰ੍ਹਾਂ ਹਨ :

**2.2.5.1 ਵਰਣਮਾਲਾ ਵਿਧੀ :**

ਦੇਸੀ ਬੋਲੀਆਂ ਪੜ੍ਹਨ ਦਾ ਇਹ ਢੰਗ ਸਭ ਤੋਂ ਪੁਰਾਣਾ ਹੈ ਜੋ ਕਈ ਸਦੀਆਂ ਤੋਂ ਪੰਜਾਬ ਵਿਚ ਪੜ੍ਹਾਉਣ ਲਈ ਵਰਤਿਆ ਜਾ ਰਿਹਾ ਹੈ। ਬੱਚੇ ਦੀ ਪੜ੍ਹਾਈ ਅੱਖਰਾਂ ਦੀ ਪਛਾਣ ਤੋਂ ਸ਼ੁਰੂ ਹੁੰਦੀ ਹੈ। ਪੈਂਤੀ ਅੱਖਰਾਂ ਦੀ ਪਛਾਣ ਅਤੇ ਉਨ੍ਹਾਂ ਦੇ ਉਚਾਰਨ ਦੱਸੇ ਜਾਂਦੇ ਹਨ। ਅੱਖਰਾਂ ਦੀ ਪਛਾਣ ਤੋਂ ਬਾਅਦ ਲਗਾ ਮਾਤਰਾ ਦੀ ਪਛਾਣ ਹੁੰਦੀ ਹੈ। ਅੱਖਰਾਂ ਨਾਲ ਇਕ ਇਕ ਲਗ ਲਗਾ ਕੇ ਉਚਾਰਨ ਕੀਤਾ ਜਾਂਦਾ ਹੈ। ਅੱਖਰਾਂ ਨਾਲ ਲਗਾਂ ਮਾਤਰਾ ਲਾ ਕੇ ਸ਼ਬਦ ਬਣਦੇ ਹਨ ਅਤੇ ਅੰਤ ਵਿਚ ਸ਼ਬਦਾਂ ਨੂੰ ਜੋੜ ਕੇ ਵਾਕ ਤੇ ਕਹਾਣੀ ਬਣਦੀ ਹੈ। ਇਹ ਢੰਗ ਸਭ ਤੋਂ ਪੁਰਾਣਾ ਹੋਣ ਕਰਕੇ ਅਤੇ ਅਧਿਆਪਕ ਆਪ ਇਸ ਢੰਗ ਰਾਹੀਂ ਪੜ੍ਹੇ ਹੋਣ ਕਰਕੇ, ਸਕੂਲਾਂ ਵਿਚ ਵਧੇਰੇ ਕਰਕੇ ਇਸੇ ਢੰਗ ਦੀ ਵਰਤੋਂ ਹੋ ਰਹੀ ਹੈ। ਅੱਖਰਾਂ ਦੀ ਪਛਾਣ ਹੋ ਜਾਣ ਉਪਰੰਤ ਲਗਾਂ ਮਾਤਰਾ ਲਾ ਕੇ ਪਹਿਲਾਂ ਦੋ ਅੱਖਰ ਫਿਰ ਤਿੰਨ ਅੱਖਰ ਇਉਂ ਹੌਲੀ ਹੌਲੀ ਅਭਿਆਸ ਨਾਲ ਵਿਦਿਆਰਥੀ ਪੜ੍ਹਨ ਲੱਗ ਪੈਂਦਾ ਹੈ।

ਭਾਵੇਂ ਇਹ ਢੰਗ ਦੇਰ ਚਿਰ ਤੋਂ ਅਮਲ ਵਿਚ ਆ ਰਿਹਾ ਹੈ ਪਰੰਤੂ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਚੰਗਾ ਨਹੀਂ ਮੰਨਿਆ ਜਾਂਦਾ। ਬੱਚਾ ਸ਼ੁਰੂ ਵਿਚ ਅੱਖਰਾਂ ਦਾ ਉੱਚਾਰਨ ਕਰਦਾ ਹੈ ਪਰੰਤੂ ਅੱਖਰਾਂ ਦਾ ਉਚਾਰਨ ਅਰਥਹੀਣ ਹੋਣ ਕਰਕੇ ਬੱਚੇ ਦੀ ਰੁਚੀ ਨੂੰ ਵਿਕਸਿਤ ਨਹੀਂ ਕਰਦਾ। ਨਾਲੇ ਬੋਲਣ ਦੀ ਇਕਾਈ ਵਾਕ ਜਾਂ ਸ਼ਬਦ ਹੈ, ਅੱਖਰ ਨਹੀਂ।

**2.2.5.2 ਸ੍ਵਰ ਵਿਧੀ**

ਇਹ ਨੈਲਡਸ ਨਾਂ ਦੇ ਇਕ ਅੰਗਰੇਜ਼ ਅਧਿਆਪਕ ਦੇ ਉਚਾਰਨ (Phonic) ਵਿਧੀ ਦਾ ਹੀ ਇਕ ਰੂਪ ਹੈ ਜੋ ਵਧੇਰੇ ਕਰਕੇ ਅੰਗਰੇਜ਼ੀ ਪੜ੍ਹਨ ਲਈ ਸਹਾਈ ਹੋ ਸਕਦਾ ਹੈ।

ਇਸ

ਵਿਧੀ ਅਨੁਸਾਰ ਅੱਖਰਾਂ ਦੇ ਨਾਮ ਨਹੀਂ ਸਗੋਂ ਉਨ੍ਹਾਂ ਦੇ ਉਚਾਰਨ ਨੂੰ ਵਧੇਰੇ ਮਹਾਨਤਾ ਦਿੱਤੀ ਜਾਂਦੀ ਹੈ।

'ੳ' ਨੂੰ ਊੜਾ ਨਹੀਂ ਊ ਕਿਹਾ ਜਾਂਦਾ ਹੈ , 'ਅ' ਨੂੰ ਐੜਾ ਨਹੀਂ 'ਅ' ਕਿਹਾ ਜਾਂਦਾ ਹੈ। ਮੁਹਾਰਨੀ ਇਸ ਦਾ ਜ਼ਰੂਰੀ ਅੰਗ ਹੈ। ਹਿੰਦੀ ਵਾਂਗ 'ਕਾ' 'ਖਾ' 'ਗਾ' ਆਦਿ ਆਵਾਜ਼ਾਂ ਤੇ ਜ਼ੋਰ ਦਿੱਤਾ ਜਾਂਦਾ ਹੈ ਤੇ ਮੁੜ ਤਸਵੀਰਾਂ ਦੀ ਸਹਾਇਤਾ ਨਾਲ ਸ਼ਬਦਾਂ, ਅੱਖਰਾਂ ਤੇ ਲਗਾਂ ਮਾਤਰਾ ਦੀ ਪਛਾਣ ਕਰਵਾਈ ਜਾਂਦੀ ਹੈ। ਵਰਣਮਾਲਾ ਵਿਧੀ ਵਾਂਗ ਇਹ ਢੰਗ ਵੀ ਮਨੋਵਿਗਿਆਨਕ ਨਹੀਂ। ਅਧਿਆਪਕਾਂ ਵਾਸਤੇ ਵੀ ਬੱਚਿਆਂ ਨੂੰ ਉੱਚਾਰਣ (Phonetic) ਬਾਰੇ ਪੂਰਾ ਪੂਰਾ ਗਿਆਨ ਦੇ ਸਕਣਾ ਔਖਾ ਕੰਮ ਹੈ। ਇਸ ਕਰਕੇ ਇਹ ਢੰਗ ਪੰਜਾਬੀ ਵਿਚ ਬਹੁਤਾ ਪ੍ਰਚੱਲਤ ਨਹੀਂ ਹੋਇਆ।

**2.2.5.3 ਸ਼ਬਦ ਵਿਧੀ**

ਇਸ ਢੰਗ ਰਾਹੀਂ ਇਕ ਅੱਖਰ ਦੀ ਹੀ ਨਹੀਂ, ਸਗੋਂ ਸ਼ਬਦ ਨੂੰ ਇਕਾਈ ਮੰਨ ਕੇ, ਸ਼ਬਦ ਦੀ ਪਛਾਣ ਕਰਾਈ ਜਾਂਦੀ ਹੈ। ਪੜ੍ਹਾਈ ਦਾ ਆਰੰਭ ਤਸਵੀਰਾਂ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ, ਬੱਚਾ ਤਸਵੀਰਾਂ ਵੇਖ ਕੇ ਪਛਾਣ ਲੈਂਦਾ ਹੈ ਅਤੇ ਨਾਲ ਹੀ ਅੰਦਾਜ਼ਾ ਲਾ ਲੈਂਦਾ ਹੈ ਕਿ ਤਸਵੀਰ ਦੇ ਹੇਠਾਂ ਵੀ ਇਹ ਕੁਝ ਲਿਖਿਆ ਹੋਵੇਗਾ। ਤਸਵੀਰ ਦੀ ਮਦਦ ਨਾਲ ਸ਼ਬਦ ਦਾ ਉੱਚਾਰਣ ਕੀਤਾ ਜਾਂਦਾ ਹੈ। ਅੱਖਾਂ ਨਾਲ ਵੇਖ ਅਤੇ ਕੰਨਾਂ ਨਾਲ ਉਸਦਾ ਉੱਚਾਰਣ ਸੁਣ ਕੇ, ਬੱਚਾ ਸ਼ਬਦਾਂ ਦੇ ਸਰੂਪ ਦੀ ਵੀ ਪਛਾਣ ਪੱਕੀ ਕਰਦਾ ਹੈ। ਹੌਲੀ-ਹੌਲੀ ਤਸਵੀਰ ਲਾਂਭੇ ਹੋ ਜਾਂਦੀ ਹੈ ਅਤੇ ਕੇਵਲ ਸ਼ਬਦ ਦਾ ਸਰੂਪ ਹੀ ਸਾਹਮਣੇ ਰਹਿ ਜਾਂਦਾ ਹੈ।

ਸ਼ਬਦ ਵਿਧੀ ਅਧਿਆਪਕਾਂ ਪਾਸੋਂ ਤਸਵੀਰਾਂ ਦੇ ਚੋਖੇ ਭੰਡਾਰ ਦੀ ਮੰਗ ਕਰਦੀ ਹੈ। ਇਸ ਵਿਚ ਵਰਣਮਾਲਾ ਵਾਲੀਆਂ ਤਰੁੱਟੀਆਂ ਤਾਂ ਬਹੁਤ ਹੱਦ ਤੱਕ ਦੂਰ ਹੋ ਜਾਂਦੀਆਂ ਹਨ ਪਰੰਤੂ ਬੱਚਿਆਂ ਦੀ ਨਿਰਭਰਤਾ ਤਸਵੀਰਾਂ ਉੱਤੇ ਵਧ ਜਾਂਦੀ ਹੈ।

**2.2.5.4 ਵਾਕ-ਕਹਾਣੀ ਵਿਧੀ**

ਵਰਣਮਾਲਾ ਵਿਧੀ ਤੋਂ ਉਲਟ, ਇਸ ਵਿਧੀ ਵਿਚ ਬੱਚਾ ਵਾਕ ਨੂੰ ਪੜ੍ਹਦਾ ਹੈ। ਵਾਕ ਵਿਚ ਆਏ ਸ਼ਬਦਾਂ ਦੀ ਪਛਾਣ ਕਰਦਾ ਹੈ, ਨਾਲ-ਨਾਲ ਅੱਖਰਾਂ ਦੀ ਪਛਾਣ ਕਰਦਾ ਹੈ। ਵਾਕ ਮਿਲ ਕੇ ਕਿਸੇ ਘਟਨਾ ਜਾਂ ਕਹਾਣੀ ਨੂੰ ਪੇਸ਼ ਕਰਦੇ ਹਨ, ਜਿਸ ਵਿੱਚ ਬੱਚਾ ਰੁਚਿਤ ਹੁੰਦਾ ਹੈ।

ਇਹ ਢੰਗ ਹਰ ਪੱਖ ਤੋਂ ਮਨੋਵਿਗਿਆਨਕ ਹੈ। ਇਸ ਵਿਚ ਬੱਚਾ ਨਿਰਾ ਅੱਖਰ ਬੋਧ ਨਹੀਂ ਕਰ ਰਿਹਾ ਹੁੰਦਾ, ਸਗੋਂ ਆਪਣੀ ਸਮਝ ਵਿਚ ਆਉਣ ਵਾਲੀ ਛੋਟੀ ਦਿਲਚਸਪ ਘਟਨਾ ਪੜ੍ਹ ਰਿਹਾ ਹੁੰਦਾ ਹੈ। ਘਟਨਾ ਅਰਥ ਭਰਪੂਰ ਹੋਣ ਕਰਕੇ ਰੋਚਿਕ ਹੁੰਦੀ ਹੈ ਜਿਸ ਨੂੰ ਪੜ੍ਹਕੇ ਬੱਚੇ ਦੀ ਤਸੱਲੀ ਹੋ ਜਾਂਦੀ ਹੈ। ਬੱਚਾ ਇੱਕੋ ਸਮੇਂ ਇਕ ਨਜ਼ਰ ਨਾਲ ਦੋ-ਤਿੰਨ ਸ਼ਬਦ ਇਕੱਠੇ ਵੇਖ ਪੜ੍ਹ ਲੈਂਦਾ ਹੈ। ਜਿਸ ਨਾਲ ਉਸ ਦੀ ਪੜ੍ਹਨ ਗਤੀ ਵਿਚ ਤੇਜ਼ੀ ਤੇ ਰਵਾਨੀ ਆਉਂਦੀ ਹੈ। ਜੋੜ ਜੋੜ ਕੇ ਪੜ੍ਹਨ, ਰੁਕ ਰੁਕ ਕੇ ਪੜ੍ਹਨ ਤੇ ਸ਼ਬਦਾਂ ਨੂੰ ਤੋੜ ਕੇ ਪੜ੍ਹਨ ਦੀ ਆਦਤ ਨਹੀਂ ਪੈਂਦੀ ਜਿਹੜੀ ਵਰਣਮਾਲਾ ਵਿਧੀ ਦਾ ਵੱਡਾ ਨੁਕਸ ਹੈ।

ਹਾਂ, ਇਸ ਢੰਗ ਨਾਲ ਪੜ੍ਹੇ ਹੋਏ ਬੱਚਿਆਂ ਨੂੰ ਸ਼ਬਦ-ਜੋੜ ਦੀ ਪਕਿਆਈ ਵਾਸਤੇ ਉਚੇਚੇ ਅਭਿਆਸ ਦੀ ਲੋੜ ਪਵੇਗੀ ਵਾਕ-ਕਹਾਣੀ ਵਿਧੀ ਮਨੋਵਿਗਿਆਨਕ ਦਰਿਸ਼ਟੀਕੋਣ ਤੋਂ ਵਧੇਰੇ ਸਫ਼ਲ ਹੈ, ਪਰੰਤੂ ਇਸਦੀ ਵਰਤੋਂ ਸ਼ਬਦਾਂ ਅਤੇ ਅੱਖਰਾਂ ਦੀ ਪਛਾਣ ਕਰਾਉਣ ਤੋਂ ਬਿਨਾਂ ਅਧੂਰੀ ਹੈ। ਬੱਚਾ ਵਾਕ ਵਿਧੀ ਰਾਹੀਂ ਪੜ੍ਹਨਾ ਸ਼ੁਰੂ ਕਰੇ ਪਰੰਤੂ ਇਸਦੇ ਨਾਲ ਹੀ ਸ਼ਬਦਾਂ ਦੇ ਅੱਖਰਾਂ ਦੀ ਪਛਾਣ ਵੀ ਕਰਵਾ ਦਿੱਤੀ ਜਾਵੇ।

**2.2.6 ਸਵੈ ਅਭਿਆਸ:**

(i) ਪੜ੍ਹਨਾ ਸਿਖਾਉਣ ਦਾ ਅਰਥ ਤੇ ਪਰਿਭਾਸ਼ਾ ਲਿਖੋ ।

____________________________________________________________

____________________________________________________________

____________________________________________________________

(ii) ਪੜ੍ਹਨਾ ਸਿਖਾਉਣ ਦੇ ਕਿਹੜੇ-ਕਿਹੜੇ ਢੰਗ ਹਨ? ਤੁਹਾਨੂੰ ਕਿਹੜਾ ਢੰਗ ਸਭ ਤੋਂ ਵਧੀਆਂ ਲਗਦਾ ਹੈ ?

**2.2.7 ਵਾਚਨ ਦੀਆਂ ਕਿਸਮਾਂ :**

ਪੜ੍ਹਾਈ ਦੇ ਉਦੇਸ਼ਾਂ ਨੂੰ ਮੁੱਖ ਰੱਖਦਿਆਂ ਹੋਇਆਂ ਬੱਚਿਆਂ ਦੇ ਪੜ੍ਹਨ-ਅਭਿਆਸ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ, ਸੂਖਮ ਪੜ੍ਹਾਈ ਤੇ ਸਥੂਲ ਪੜ੍ਹਾਈ।

**2.2.7.1 ਸੂਖਮ ਪੜਾਈ ਜਾਂ ਡੂੰਘੀ ਪੜ੍ਹਾਈ :**

ਸਾਡੇ ਸਕੂਲਾਂ ਵਿਚ ਕੰਮ ਕਰ ਰਹੇ ਮਾਤ-ਭਾਸ਼ਾ ਦੇ ਅਧਿਆਪਕ ਬੱਚਿਆਂ ਨੂੰ ਸਾਲ ਭਰ ਪਾਠ-ਪੁਸਤਕ ਦਾ ਪਾਠ ਕਰਵਾ ਛੱਡਦੇ ਹਨ। ਵਿਚਕਾਰ ਕਿਸੇ ਔਖੇ ਸ਼ਬਦ ਦਾ ਅਰਥ ਦੱਸ ਦਿੱਤਾ ਜਾ ਬੱਚਿਆਂ ਨੂੰ ਕਾਪੀ ਉੱਤੇ ਨੋਟ ਕਰਵਾ ਦਿੱਤਾ। ਇਸ ਤੋਂ ਵੱਧ ਪਾਠ-ਪੁਸਤਕ ਦੀ ਵਰਤੋਂ ਕਰਨਾ ਨਾ ਹੀ ਉਨ੍ਹਾਂ ਦੇ ਖਿਆਲ ਵਿਚ ਆਉਂਦੀ ਹੈ ਅਤੇ ਨਾ ਹੀ ਉਹ ਜ਼ਰੂਰੀ ਸਮਝਦੇ ਹਨ। ਇਹ ਠੀਕ ਨਹੀਂ। ਪਾਠ ਪੁਸਤਕ ਸੂਖਮ ਪੜ੍ਹਾਈ ਲਈ ਹੁੰਦੀ ਹੈ। ਸੂਖਮ ਪੜ੍ਹਾਈ ਦੇ ਹੇਠ ਲਿਖੇ ਉਦੇਸ਼ ਹਨ ਜਿਨ੍ਹਾਂ ਦੀ ਪ੍ਰਾਪਤੀ ਵਾਸਤੇ ਯਤਨ ਕਰਨੇ ਚਾਹੀਦੇ ਹਨ :-

(i) ਬੱਚਿਆਂ ਦੇ ਸ਼ਬਦ ਭੰਡਾਰ ਵਿਚ ਵਾਧਾ ਕਰਨਾ।
(ii) ਬੱਚਿਆਂ ਦੀ ਜਾਣਕਾਰੀ ਵਿਚ ਵਾਧਾ ਕਰਨਾ।
(iii) ਵਿਸ਼ਰਾਮ ਚਿੰਨ੍ਹ ਆਦਿ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਹੋਇਆ ਸਰਲ ਤੇ ਸ਼ੁੱਧ ਪੜ੍ਹਨ ਦੇ ਅਭਿਆਸ ਦੇਣੇ।
(iv) ਬੱਚਿਆਂ ਦੇ ਉੱਚਾਰਣ ਨੂੰ ਸੋਧਣਾ।
(v) ਬੱਚਿਆਂ ਦੀ ਸੋਚ-ਸ਼ਕਤੀ ਨੂੰ ਟੁੰਬਣਾ।
(vi) ਸਰਸਰੀ ਤੌਰ ਤੇ ਵਿਆਕਰਣ ਦਾ ਉਪਯੋਗੀ ਗਿਆਨ ਦੇਣਾ।
(vii) ਬੱਚਿਆਂ ਅੰਦਰ ਚੰਗੀਆਂ ਪੜ੍ਹਨ-ਰੁਚੀਆਂ ਪ੍ਰਵੇਸ਼ ਕਰਾਉਣਾ।

ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਵਾਸਤੇ ਹੇਠ ਲਿਖੇ ਢੰਗ ਵਰਤੋਂ ਵਿਚ ਲਿਆਉਣੇ ਚਾਹੀਦੇ ਹਨ :

**(ੳ) ਮੌਖਿਕ ਗੱਲਬਾਤ**

ਪਾਠ ਪੜ੍ਹਨਾ ਆਰੰਭ ਕਰਨ ਤੋਂ ਪਹਿਲਾਂ ਪਾਠ ਸੰਬੰਧੀ ਮੌਖਿਕ ਗੱਲਬਾਤ ਰਾਹੀਂ ਲੋੜੀਂਦਾ ਵਾਤਾਵਰਣ ਉਸਾਰ ਕੇ ਬੱਚਿਆਂ ਨੂੰ ਪਾਠ ਪੜ੍ਹਨ ਲਈ ਰੁਚਿਤ ਕਰਨਾ ਚਾਹੀਦਾ ਹੈ। ਇਹ ਗੱਲਬਾਤ ਬੜੀ ਸੁਭਾਵਕ ਤੇ ਬਿਨਾਂ ਕਿਸੇ ਉਚੇਚ ਦੇ ਆਰੰਭ ਹੋਣੀ ਚਾਹੀਦੀ ਹੈ ਅਤੇ ਗੱਲਾਂ ਬਾਤਾਂ ਕਰਦਿਆਂ ਹੋਇਆਂ ਪਾਠ ਦੇ ਵਿਸ਼ੇ ਵਲ ਅੱਗੇ ਕਦਮ ਪੁੱਟਣੇ ਚਾਹੀਦੇ ਹਨ। ਇਸ ਤਰ੍ਹਾਂ ਠੀਕ ਨਿਸ਼ਾਨੇ ਤੇ ਪੁੱਜ ਕੇ ਵਿਦਿਆਰਥੀਆਂ ਦੀ ਨਵੇਂ ਪਾਠ ਨਾਲ ਪਛਾਣ ਕਰਵਾ ਦੇਣੀ ਚਾਹੀਦੀ ਹੈ।

**(ਅ) ਆਦਰਸ਼ ਪਾਠ**

ਵਿਦਿਆਰਥੀਆਂ ਨੂੰ ਪੜ੍ਹਨ ਵਾਸਤੇ ਕਹਿਣ ਤੋਂ ਪਹਿਲਾਂ ਅਧਿਆਪਕ ਆਪ ਨਮੂਨੇ ਵਜੋਂ ਇਕ ਪੈਰ੍ਹਾ ਪੜ੍ਹ ਕੇ ਦੱਸੇ। ਆਦਰਸ਼ ਪਾਠ ਸੱਚਮੁੱਚ ਹੀ ਆਦਰਸ਼ ਹੋਵੇ ਤਾਂ ਜੋ ਬੱਚੇ ਅਧਿਆਪਕ ਵਲੋਂ ਪੇਸ਼ ਕੀਤੇ ਗਏ ਨਮੂਨੇ ਨੂੰ ਅਪਣਾ ਲੈਣ। ਉਪਰਲੀਆਂ ਸ਼੍ਰੇਣੀਆਂ ਵਿਚ ਆਦਰਸ਼ਕ ਪਾਠ ਦੀ ਲੋੜ ਨਹੀਂ ਪਵੇਗੀ। ਜੇਕਰ ਅਧਿਆਪਕ ਇਸ ਦੀ ਲੋੜ ਅਨੁਭਵ ਕਰੇ ਤਾਂ ਯੋਗ ਅਗਵਾਈ ਦੇਣ ਵਾਸਤੇ ਨਮੂਨਾ ਪੇਸ਼ ਕਰਨ ਦਾ ਕੋਈ ਹਰਜ਼ ਨਹੀਂ। ਜਦ ਅਧਿਆਪਕ ਪੜ੍ਹ ਰਿਹਾ ਹੋਵੇ ਤਾਂ ਬੱਚੇ ਧਿਆਨ ਨਾਲ ਸੁਣਨ ਤਾਂ ਜੋ ਇਸ ਯਤਨ ਤੋਂ ਲਾਭ ਉਠਾਇਆ ਜਾ ਸਕੇ। ਰਸਮੀ ਤੌਰ ਤੇ ਅਧਿਆਪਕ ਵਲੋਂ ਕੀਤੇ ਗਏ ਪਾਠ ਦਾ ਕੋਈ ਲਾਭ ਨਹੀਂ।

**(ੲ) ਵਿਦਿਆਰਥੀਆਂ ਵਲੋਂ ਪਾਠ**

ਅਧਿਆਪਕ ਵਲੋਂ ਪੇਸ਼ ਨਮੂਨੇ ਦੇ ਪਾਠ ਤੋਂ ਪਿਛੋਂ ਤਿੰਨ-ਚਾਰ ਬੱਚਿਆਂ ਪਾਸੋਂ ਪਾਠ ਕਰਵਾਇਆ ਜਾਵੇ। ਪਾਠ

ਨੂੰ ਲੋੜ ਅਨੁਸਾਰ ਭਾਗਾਂ ਵਿਚ ਵੰਡ ਲੈਣਾ ਚਾਹੀਦਾ ਹੈ। ਪਾਠ ਦੀ ਭਾਗ-ਵੰਡ ਕਰਨ ਸਮੇਂ ਜ਼ਰੂਰੀ ਨਹੀਂ ਕਿ ਪੁਸਤਕ ਵਿਚਲੇ ਪੈਰਿਆਂ ਦੀ ਉਸੇ ਤਰ੍ਹਾਂ ਵਰਤੋਂ ਕੀਤੀ ਜਾਵੇ, ਲੋੜ ਅਨੁਸਾਰ ਉਨ੍ਹਾ ਵਿਚ ਭੰਨ-ਤੋੜ ਕੀਤੀ ਜਾ ਸਕਦੀ ਹੈ। ਇਹ ਭੰਨ-ਤੋੜ ਕਰਨ ਸਮੇਂ ਭਾਵ ਦੀ ਇਕਾਗਰਤਾ ਭੰਗ ਨਹੀਂ ਹੋਣੀ ਚਾਹੀਦੀ। ਇਕ ਭਾਗ ਲੈ ਕੇ ਦੋ ਜਾਂ ਤਿੰਨ ਵਿਦਿਆਰਥੀਆਂ ਪਾਸੋਂ ਵਾਰੀ ਵਾਰੀ ਉਸਦਾ ਪਾਠ ਕਰਾਓ। ਇਸ ਪੜਾਅ ਤੇ ਬੱਚਿਆਂ ਦੇ ਪੜ੍ਹਨ ਢੰਗ, ਪੜ੍ਹਨ ਚਾਲ ਤੋਂ ਸ਼ੁੱਧ ਉਚਾਰਨ ਵੱਲ ਧਿਆਨ ਦਿੱਤਾ ਜਾਵੇ। ਔਖੇ ਤੇ ਗਲਤ ਉਚਾਰੇ ਗਏ ਸ਼ਬਦਾਂ ਵੱਲ ਉਚੇਚਾ ਧਿਆਨ ਦੇ ਕੇ ਡਰਿੱਲ ਵਿਧੀ ਰਾਹੀਂ ਸ਼ੁੱਧ ਉਚਾਰਨ ਦਾ ਅਭਿਆਸ ਕਰਵਾਇਆ ਜਾਵੇ।

**(ਸ) ਸ਼ਬਦ, ਵਾਕ-ਅੰਸ਼ਾਂ ਤੇ ਮੁਹਾਵਰਿਆਂ ਦੀ ਵਰਤੋਂ**

ਪਾਠ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਦਸ ਦੇਣੇ ਜਾਂ ਬਲੈਕ ਬੋਰਡ ਉਤੇ ਲਿਖ ਦੇਣਾ ਹੀ ਕਾਫ਼ੀ ਨਹੀਂ, ਸਾਡਾ ਉਦੇਸ਼ ਬੱਚਿਆਂ ਦੀ ਨਵੇਂ ਸ਼ਬਦਾਂ ਨਾਲ ਜਾਣ-ਪਛਾਣ ਕਰਾਉਣਾ ਹੈ ਤਾਂ ਜੋ ਉਹ ਨਵੇਂ ਸ਼ਬਦਾਂ ਨੂੰ ਪੂਰਨ ਭਾਂਤ ਸਮਝ ਕੇ ਆਪਣੀ ਬੋਲ ਚਾਲ ਜਾਂ ਲਿਖਤ ਵਿਚ ਵਰਤਣ ਯੋਗ ਹੋ ਜਾਣ। ਇਸ ਪੜਾਅ ਤੋਂ ਸਾਡਾ ਮੂਲ ਮਨੋਰਥ ਬੱਚਿਆਂ ਦੇ ਸ਼ਬਦ ਭੰਡਾਰ ਵਿਚ ਵਾਧਾ ਕਰਨਾ ਅਤੇ ਉਨ੍ਹਾਂ ਨੂੰ ਉਪਯੋਗੀ ਸ਼ਬਦਾਵਲੀ ਦੇਣਾ ਹੈ। ਆਮ ਤੌਰ ਤੇ ਅਧਿਆਪਕ ਆਪਣੇ ਯਤਨਾਂ ਨੂੰ ਗ੍ਰੰਥਾਂ ਵਿਚ ਆਏ ਨਵੇਂ ਸ਼ਬਦਾਂ ਤੱਕ ਹੀ ਸੀਮਿਤ ਰੱਖਦੇ ਹਨ। ਇਹ ਠੀਕ ਨਹੀਂ। ਗ੍ਰੰਥਾਂ ਵਿਚ ਆਏ ਸ਼ਬਦਾਂ ਦੇ ਨਾਲ ਨਾਲ ਉਸ ਭਾਵ ਨੂੰ ਪ੍ਰਗਟਾਉਣ ਵਾਲੇ ਜਿੰਨੇ ਨਵੇਂ ਸ਼ਬਦ ਦਿੱਤੇ ਜਾ ਸਕਦੇ ਹਨ ਦਿੱਤੇ ਜਾਣ। ਨਵਾਂ ਪੜ੍ਹਿਆ ਹੋਇਆ ਸ਼ਬਦ ਉਪਯੋਗੀ ਸ਼ਬਦਾਵਲੀ ਦਾ ਅੰਗ ਉਸ ਸਮੇਂ ਬਣੇਗਾ ਜਦ ਵਿਦਿਆਰਥੀ ਉਸਨੂੰ ਆਪਣੇ ਬਣਾਏ ਹੋਏ ਵਾਕਾਂ ਵਿਚ ਵਰਤਣ ਦੀ ਸਮਰਥਾ ਪੈਦਾ ਕਰ ਲਵੇਗਾ। ਨਵੇਂ ਵਾਕਾਂਸ਼ਾਂ ਤੇ ਮੁਹਾਵਰਿਆਂ ਨੂੰ ਵਾਕਾਂ ਵਿਚ ਵਰਤਣ ਦੇ ਅਭਿਆਸ ਕਰਾਉਣੇ ਚਾਹੀਦੇ ਹਨ।

**(ਹ) ਵਿਆਕਰਣ ਸੰਬੰਧੀ ਅਭਿਆਸ**

ਅਭਿਆਸ ਕਰਾਉਂਦਿਆਂ ਹੋਇਆਂ ਲੱਗਦੇ ਹੱਥ ਹੀ ਕਿਤੇ ਕਿਤੇ ਪੜ੍ਹੇ ਹੋਏ ਵਿਆਕਰਣ ਨੇਮਾਂ ਦਾ ਅਭਿਆਸ ਵੀ ਹੋ ਜਾਵੇ। ਇਹ ਕੰਮ ਇਤਨਾ ਸਮਾਂ ਨਾ ਲਵੇ ਕਿ ਸੂਖਮ ਪੜ੍ਹਾਈ ਦਾ ਅਸਲ ਮਨੋਰਥ ਪਿਛੋਕੜ ਵਿੱਚ ਚਲਾ ਜਾਵੇ। ਕਈ ਵਾਰ ਅਨਾੜੀ ਅਧਿਆਪਕ ਪਾਠ ਪੜ੍ਹਾਉਣ ਸਮੇਂ ਵਿਆਕਰਣ ਦੇ ਕੰਮ ਵਿਚ ਇਤਨਾ ਮਗਨ ਹੋ ਜਾਂਦੇ ਹਨ ਕਿ ਵੇਖਣ ਵਾਲੇ ਨੂੰ ਪਾਠ ਭਰਪੂਰ ਪੜ੍ਹਾਈ ਦਾ ਨਹੀਂ ਸਗੋਂ ਵਿਆਕਰਣ ਦਾ ਜਾਪਣ ਲੱਗ ਪੈਂਦਾ ਹੈ। ਇਸ ਭੁੱਲ ਤੋਂ ਬੱਚਣਾ ਚਾਹੀਦਾ ਹੈ।

**(ਕ) ਪੈਰ੍ਹੈ ਦੀ ਦੁਹਰਾਈ**

ਜੇ ਪੈਰ੍ਹੇ ਨੂੰ ਠੀਕ ਢੰਗ ਨਾਲ ਪੜ੍ਹਿਆ ਗਿਆ ਹੈ, ਸ਼ਬਦਾਂ ਅਤੇ ਮੁਹਾਵਰਿਆਂ ਦੀ ਯੋਗ ਵਿਆਖਿਆ ਅਤੇ ਵਰਤੋਂ ਹੋ ਚੁੱਕੀ ਹੈ ਤਾਂ ਵਿਦਿਆਰਥੀ ਲਿਖਤ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝ ਜਾਣਗੇ। ਇਸ ਗੱਲ ਦੀ ਪਰਖ ਕਰਨ ਲਈ ਕਿ ਵਿਦਿਆਰਥੀ ਕੀ ਕੁਝ ਸਮਝ ਗਏ ਹਨ? ਪੈਰ੍ਹੇ ਉਤੇ ਆਧਾਰਿਤ ਕੁਝ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਪ੍ਰਸ਼ਨ ਆਪਣੇ ਆਪ ਵਿਚ ਸਪੱਸ਼ਟ ਹੋਣ ਅਤੇ ਬੱਚਿਆਂ ਦੀ ਸੋਚ-ਸ਼ਕਤੀ ਨੂੰ ਟੁੰਬਣ ਵਾਲੇ ਹੋਣ। ਰੱਟੇ ਨੂੰ ਉਤਸ਼ਾਹਿਤ ਕਰਨ ਵਾਲੇ ਨਾ ਹੋਣ। ਵਿਦਿਆਰਥੀਆਂ ਨਾਲ ਕੇਵਲ ਉਹੀ ਗੱਲ ਕਰਨੀ ਹੈ, ਪੈਰ੍ਹੇ ਵਿਚ ਸਾਡਾ ਮਨੋਰਥ ਬੱਚਿਆਂ ਦੀ ਪੱਧਰ ਤੇ ਰਹਿੰਦਿਆਂ ਹੋਇਆਂ ਪਾਠ ਵਿਚਲੇ ਵਿਸ਼ੇ ਨਾਲ ਸੰਬੰਧਿਤ ਜਿੰਨੀ ਜਾਣਕਾਰੀ ਦਿੱਤੀ ਜਾ ਸਕਦੀ ਹੋਵੇ ਜ਼ਰੂਰ ਦਿਓ।

**2.2.7.2 ਸਥੂਲ ਵਾਚਨ**

ਪਾਠ ਪੁਸਤਕਾਂ ਤੋਂ ਛੁਟ ਹੋਰ ਪੁਸਤਕਾਂ, ਰਸਾਲੇ, ਅਖਬਾਰਾਂ ਆਦਿ ਪੜ੍ਹਨਾ ਵੀ ਪੜ੍ਹਾਈ ਅਖਵਾਉਂਦਾ ਹੈ। ਇਸ ਪੜਾਈ ਨੂੰ ਹੀ ਸਥੂਲ ਪੜ੍ਹਾਂਈ ਕਿਹਾ ਜਾਂਦਾ ਹੈ। ਇਹ ਪੜ੍ਹਾਈ ਕਿਸੇ ਪ੍ਰੀਖਿਆ ਨੂੰ ਮੁੱਖ ਰੱਖ ਕੇ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਪਾਠ ਪੁਸਤਕਾਂ ਵਾਲੀ ਬਰੀਕੀ ਵਿਚ ਜਾ ਕੇ ਅਧਿਐਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀ ਪੜ੍ਹਾਈ ਚਿਰ ਸਥਾਈ ਬੱਚੇ ਦੇ ਗਿਆਨ ਵਿੱਚ ਵਾਧਾ ਕਰਦੀ ਹੈ।

**ਇਸ ਪੜ੍ਹਾਈ ਦੇ ਹੇਠ ਲਿਖੇ ਅਨੁਸਾਰ ਮਹੱਤਵ ਹਨ:**

(ੳ) ਹੋਰ ਪੁਸਤਕਾਂ, ਰਸਾਲੇ ਆਦਿ ਦਾ ਅਧਿਐਨ ਕਰਨ ਨਾਲ ਬੱਚਿਆਂ ਦੇ ਗਿਆਨ-ਭੰਡਾਰ ਵਿਚ ਵਾਧਾ ਹੁੰਦਾ ਹੈ ਤੇ

ਵਿਚਾਰਧਾਰਾ ਸਰਲ ਹੁੰਦੀ ਹੈ। ਗਿਆਨ ਵਿਚ ਵਾਧਾ ਉਸਦੀ ਉਸਰ ਰਹੀ ਭਰਪੂਰ ਸ਼ਖਸੀਅਤ ਦਾ ਨਰੋਆ ਪੱਖ ਹੈ। ਉਹ ਆਪਣੀ ਰੁਚੀ ਅਨੁਸਾਰ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਪੜ੍ਹਕੇ ਬਹੁਪੱਖੀ ਗਿਆਨ ਪ੍ਰਾਪਤ ਕਰ ਸਕਦਾ ਹੈ।

(**ਅ**) ਪੁਸਤਕਾਂ ਪੜ੍ਹਨ ਨਾਲ ਪਾਠਕ ਦਾ ਤਜ਼ਰਬਾ ਵਿਸ਼ਾਲ ਹੋ ਜਾਂਦਾ ਹੈ। ਨਾਵਲ, ਗਲਪ ਆਦਿ ਉਸ ਨੂੰ ਵਿਹਲਾ ਸਮਾਂ ਬਤੀਤ ਕਰਨ ਲਈ ਨਾ ਕੇਵਲ ਚੰਗਾ ਦਿਲ-ਪਰਚਾਵਾਂ ਹੀ ਦਿੰਦੇ ਹਨ ਸਗੋਂ ਉਸਦੇ ਜੀਵਨ ਤਜ਼ਰਬੇ ਵਿਚ ਭੀ ਵਾਧਾ ਕਰਦੇ ਹਨ। ਨਾਵਲ ਵਿਚਲੀਆਂ ਘਟਨਾਵਾਂ ਤੇ ਸੰਬੰਧਿਤ ਪਾਤਰ ਉਸ ਦੀਆਂ ਕਈ ਦੁਨਿਆਵੀ ਤੇ ਮਾਨਸਕ ਗੁੰਝਲਾਂ ਸੁਲਝਾਉਣ ਵਿਚ ਸਹਾਈ ਹੁੰਦੇ ਹਨ।

(**ੲ**) ਪੁਸਤਕਾਂ, ਰਸਾਲੇ, ਸਮਾਚਾਰ ਪੱਤਰ ਆਦਿ ਪੜ੍ਹਨ ਨਾਲ ਬੱਚਿਆਂ ਅੰਦਰ ਅਧਿਐਨ ਰੁਚੀਆਂ ਪ੍ਰਵੇਸ਼ ਕਰਦੀਆਂ ਹਨ। ਜਿਉਂ ਜਿਉਂ ਉਹ ਪੁਸਤਕ ਪੜ੍ਹੀ ਜਾਂਦੇ ਹਨ ਤਿਉਂ ਤਿਉਂ ਹੋਰ ਪੁਸਤਕਾਂ ਦੀ ਰੀਝ ਪ੍ਰਬਲ ਹੁੰਦੀ ਜਾਂਦੀ ਹੈ।

(**ਸ**) ਬੱਚਿਆਂ ਦੀ ਸੋਚਣ ਸ਼ਕਤੀ ਵਧਦੀ ਹੈ। ਉਨ੍ਹਾਂ ਦਾ ਘੇਰਾ 'ਖੂਹ ਦੇ ਡੱਡੂ' ਵਾਂਗ ਪਾਠ ਪੁਸਤਕਾਂ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਵਿਸ਼ਾਲ ਹੋ ਜਾਂਦਾ ਹੈ।

(**ਹ**) ਵਿਸ਼ਾਲ ਅਧਿਐਨ ਉਨ੍ਹਾਂ ਦੀ ਭਾਸ਼ਾ ਸ਼ੈਲੀ ਨੂੰ ਸੰਵਾਰਦਾ, ਰਸਾਉਂਦਾ, ਤਰਕਸ਼ੀਲ ਬਣਾਉਂਦਾ ਹੈ। ਸਿਆਣੇ ਲੇਖਕਾਂ ਦੇ ਚੰਗੇ ਲਿਖਣ ਢੰਗ ਉਨ੍ਹਾਂ ਲਈ ਆਦਰਸ਼ ਬਣਦੇ ਹਨ। ਬੋਲੀ ਉਤੇ ਉਨ੍ਹਾਂ ਦਾ ਕਾਬੂ ਵੱਧਦਾ ਹੈ ਤੇ ਭਾਸ਼ਾ-ਸ਼ੈਲੀ ਦੀ ਨੁਹਾਰ ਨਿਖਰਦੀ ਹੈ।

(**ਕ**) ਅਧਿਐਨ ਵਿਚ ਨਵੇਂ ਸ਼ਬਦਾਂ ਨਾਲ ਉਨ੍ਹਾਂ ਦੀ ਜਾਣ ਪਛਾਣ ਹੁੰਦੀ ਰਹਿੰਦੀ ਹੈ ਜੋ ਵਾਰ ਵਾਰ ਸਾਹਮਣੇ ਆਉਣ ਨਾਲ ਬੱਚਿਆਂ ਦੀ ਉਪਯੋਗੀ ਸ਼ਬਦਾਵਲੀ ਦਾ ਅੰਗ ਬਣ ਜਾਂਦੇ ਹਨ।

ਨਿਰਸੰਦੇਹ, ਸਥੂਲ ਪੜ੍ਹਾਈ ਵਿਦਿਆਰਥੀਆਂ ਨੇ ਆਪਣੀ ਜ਼ਿੰਮੇਵਾਰੀ ਨਾਲ ਘਰ ਬੈਠ ਕੇ ਕਰਨੀ ਹੁੰਦੀ ਹੈ ਪਰੰਤੂ ਇਸ ਨੂੰ ਚੰਗੀ ਸੇਧ ਦੇ ਕੇ ਉਪਯੋਗੀ ਬਣਾਉਣ ਵਾਸਤੇ ਸਕੂਲ ਵਿਚ ਲੋੜੀਂਦੀ ਅਗਵਾਈ ਅਤੇ ਸਿੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਲਾਇਬ੍ਰੇਰੀ ਪੀਰੀਅਡ ਇਸ ਕੰਮ ਵਾਸਤੇ ਠੀਕ ਸਮਾਂ ਹੋ ਸਕਦਾ ਹੈ। ਕੁਝ ਅਮਲੀ ਅਭਿਆਸ ਹੇਠ ਲਿਖੇ ਅਨੁਸਾਰ ਸੁਝਾਏ ਜਾਂਦੇ ਹਨ :

(i) ਮੌਨ ਪਾਠ ਅਭਿਆਸ ਕਰਾਉਣੇ ਚਾਹੀਦੇ ਹਨ।

(ii) ਬੱਚਿਆਂ ਨੂੰ ਸੂਚੀ-ਪੱਤਰ, ਤਤਕਰਾ ਆਦਿ ਪੜ੍ਹਨ ਦੀ ਜਾਂਚ ਸਿਖਾਈ ਜਾਵੇ ਤਾਂ ਜੋ ਲੋੜ ਪੈਣ ਸਮੇਂ ਉਹ ਪੁਸਤਕਾਲੇ ਵਿਚੋਂ ਪੁਸਤਕਾਂ ਦੀ ਭਾਲ ਕਰ ਸਕੇ।

(iii) ਬੱਚਿਆਂ ਨੂੰ ਚੌਥੀ ਜਮਾਤ ਵਿਚ ਕੋਸ਼ ਦੀ ਵਰਤੋਂ ਕਰਨੀ ਸਿਖਾ ਦੇਣੀ ਚਾਹੀਦੀ ਹੈ ਤਾਂ ਜੋ ਲੋੜ ਪੈਣ ਸਮੇਂ ਉਹ ਔਖੇ ਸ਼ਬਦਾਂ ਦੇ ਅਰਥ ਵੇਖ ਸਕੇ।

(iv) ਬੱਚੇ ਆਪਣੀਆਂ ਔਕੜਾਂ ਨਾਲੋਂ-ਨਾਲ ਡਾਇਰੀ ਵਿਚ ਨੋਟ ਕਰਦੇ ਜਾਣ ਅਤੇ ਵਿਹਲੇ ਸਮੇਂ ਅਧਿਆਪਕ ਦੀ ਸਹਾਇਤਾ ਨਾਲ ਆਪਣੇ ਸ਼ੰਕੇ ਨਵਿਰਤ ਕਰ ਲੈਣ।

(v) ਉਪਰਲੀਆਂ ਸ਼੍ਰੇਣੀਆਂ ਵਿਚ ਪੁੱਜ ਕੇ ਪੜ੍ਹੀ ਪੁਸਤਕ ਦਾ ਰੀਵੀਊ ਕਰਨਾ ਤੇ ਉਸ ਬਾਬਤ ਆਪਣੇ ਵਿਚਾਰ ਲਿਖਣੇ ਆਦਿ ਅਭਿਆਸ ਵਰਤੋਂ ਵਿਚ ਲਿਆਂਦੇ ਜਾ ਸਕਦੇ ਹਨ।

**2.2.8 ਵਾਚਨ ਦੇ ਢੰਗ: ਪੰਜਾਬੀ ਵਾਚਨ ਲਈ ਦੋ ਢੰਗ ਅਪਣਾਏ ਜਾਂਦੇ ਹਨ:**

(ੳ) ਉਚੀ ਪੜ੍ਹਨਾ, (ਅ) ਮਨੋ ਪਾਠ।

**2.2.8.1 ਉੱਚੀ ਪੜ੍ਹਨਾ :**

ਉਚੀ ਪੜ੍ਹਨ ਤੋਂ ਭਾਵ ਹੈ, ਉੱਚੀ ਆਵਾਜ਼ ਨਾਲ ਪੜ੍ਹਨਾ ਜਾਂ ਉੱਚੀ ਸਵਰਾਂ ਦਾ ਉਚਾਰਨ ਕਰਨਾ, ਇਸ ਵਿੱਚ ਚਾਰ ਪ੍ਰਤਿਕ੍ਰਿਆਵਾਂ ਸ਼ਾਮਲ ਹਨ- ਲਿਪੀ ਬੱਧ ਅੱਖਰਾਂ ਨੂੰ ਦੇਖਣਾ, ਪਛਾਣਨਾ, ਸ਼ਬਦਾਂ ਨੂੰ ਸਮਝਣਾ ਤੇ ਉਚਾਰਨ ਕਰਨਾ ਅਤੇ ਅਰਥ ਗ੍ਰਹਿਣ ਕਰਨਾ। ਭਾਸ਼ਾ ਦੇ ਮੁਢਲੇ ਪੜਾਵਾਂ ਤੇ ਉੱਚੀ ਪੜ੍ਹਨ ਦੇ ਆਪਣੇ ਲਾਭ ਹਨ।

**2.2.8.8.1 ਉੱਚੀ ਪਾਠ ਦੀ ਮਹੱਤਤਾ :**

(i) ਉੱਚੀ ਪੜ੍ਹਿਆ ਗਿਆ ਪਾਠ ਬੱਚਿਆਂ ਦੇ ਮਨ ਉੱਤੇ ਚੰਗੀ ਤਰ੍ਹਾਂ ਉਕਰਿਆ ਜਾਂਦਾ ਹੈ ਅਤੇ ਇਹ ਵਧੇਰੇ ਸਮੇਂ

ਵਾਸਤੇ ਯਾਦ ਰਹਿੰਦਾ ਹੈ ਕਿਉਂਕਿ ਇਸ ਤਰ੍ਹਾਂ ਪੜ੍ਹਨ ਨਾਲ ਅੱਖਾਂ ਅਤੇ ਕੰਨ ਦੋਵੇਂ ਸਹਾਈ ਹੁੰਦੇ ਹਨ।

(ii) ਕਵਿਤਾ ਆਦਿ ਕਈ ਸਾਹਿਤਕ ਰੂਪਾਂ ਦਾ ਸੁਆਦ ਉੱਚੀ ਪੜ੍ਹ ਕੇ ਮਾਣਿਆ ਜਾ ਸਕਦਾ ਹੈ। ਕਵੀ ਦੇ ਹਾਵ-ਭਾਵ ਮਨੋਤਰੰਗ ਤੇ ਵਲਵਲੇ ਭਰੀਆਂ ਉਡਾਰੀਆਂ ਨੂੰ ਉੱਚੀ ਪਾਠ ਰਾਹੀਂ ਮਾਣਿਆ ਜਾ ਸਕਦਾ ਹੈ।

(iii) ਛੋਟੇ ਬੱਚਿਆਂ ਵਾਸਤੇ ਉੱਚੀ ਪੜ੍ਹਨ ਦਾ ਅਭਿਆਸ ਵਧੇਰੇ ਉਪਯੋਗੀ ਸਿੱਧ ਹੁੰਦਾ ਹੈ। ਸੰਗਾਉ ਬੱਚਿਆਂ ਦੀ ਸੰਗ ਲੱਥ ਜਾਂਦੀ ਹੈ। ਉਹ ਸਕੂਲ ਪ੍ਰੋਗਰਾਮਾਂ ਵਿਚ ਹੋਰਨਾਂ ਬੱਚਿਆਂ ਦੇ ਨਾਲ ਭਾਗ ਲੈਣਾ ਸ਼ੁਰੂ ਕਰ ਦਿੰਦੇ ਹਨ।

(iv) ਇਸ ਦੁਆਰਾ ਬੱਚਿਆਂ ਦੇ ਉੱਚਾਰਨ ਨੂੰ ਸੋਧਣ ਦਾ ਮੌਕਾ ਮਿਲਦਾ ਹੈ। ਵਿਸਰਾਮ ਚਿੰਨ੍ਹਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਪੜ੍ਹਨ ਦੇ ਅਭਿਆਸ ਮਿਲਦੇ ਹਨ। ਅਧਿਆਪਕ, ਬੱਚਿਆਂ ਦੀਆਂ ਵਿਅਕਤੀਗਤ ਕਮਜ਼ੋਰੀਆਂ ਵੱਲ ਧਿਆਨ ਦੇ ਕੇ ਲੋੜੀਂਦੀ ਸੁਧਾਈ ਵਾਸਤੇ ਅਭਿਆਸ ਕਰਵਾ ਸਕਦੇ ਹਨ।

(v) ਅਜੋਕੇ ਲੋਕ-ਰਾਜੀ ਯੁੱਗ ਵਿਚ ਉੱਚੀ-ਪਾਠ ਦੀ ਮਹਾਨਤਾ ਹੋਰ ਵੀ ਵੱਧ ਹੈ। ਜਲਸਿਆਂ ਸਮਾਗਮਾਂ, ਲੋਕ-ਇੱਕਠਾਂ ਵਿਚ ਬੋਲਣ ਦੇ ਅਭਿਆਸ ਦਾ ਮੁੱਢ ਇੱਥੋਂ ਬੱਝਦਾ ਹੈ, ਲਿਖੀ ਹੋਈ ਵਸਤੂ ਨੂੰ ਠੀਕ ਢੰਗ ਨਾਲ ਪੜ੍ਹ ਕੇ ਸੁਣਾਉਣ ਦਾ ਮੌਕਾ ਮਿਲਦਾ ਹੈ। ਕਈ ਵੇਰ ਚੰਗੇ ਪੜ੍ਹੇ ਲਿਖੇ ਵਿਦਵਾਨ ਵੀ ਜਦ ਕੁਝ ਪੜ੍ਹ ਕੇ ਸੁਣਾਉਂਦੇ ਹਨ ਤਾਂ ਸਰੋਤਿਆਂ ਉੱਤੇ ਚੰਗਾ ਪ੍ਰਭਾਵ ਨਹੀਂ ਪਾ ਸਕਦੇ।

(vi) ਲੋਕ-ਰਾਜ ਵਿਚ ਸਫਲ ਨੇਤਾ ਉਹ ਹੈ ਜੋ ਸ਼ਬਦਾਂ ਦੇ ਜਾਦੂ ਨਾਲ ਲੋਕਾਂ ਦੇ ਦਿਲ ਜਿੱਤ ਲਵੇ। ਮੁਕਾਬਲੇ ਤੇ ਇਮਤਿਹਾਨਾਂ ਵਿਚ ਇੰਟਰਵਿਊ ਨੂੰ ਦਿੱਤੀ ਗਈ ਮਹਾਨਤਾ ਇਸ ਗੱਲ ਦੀ ਸੂਚਕ ਹੈ ਕਿ ਸੁਚੱਜੀ ਤੇ ਪ੍ਰਭਾਵਸ਼ਾਲੀ ਬੋਲਚਾਲ ਸਾਡੀ ਸ਼ਖ਼ਸੀਅਤ ਦਾ ਅਨਿਖੜਵਾਂ ਪਹਿਲੂ ਹੈ। ਛੋਟੇ ਬੱਚਿਆਂ ਨੂੰ ਉੱਚੀ-ਪਾਠ ਦੇ ਦਿੱਤੇ ਗਏ ਮੌਕੇ ਇਸ ਪਾਸੇ ਤੁਰਨ ਤੇ ਮੁੱਢਲੇ ਯਤਨ ਹਨ।

(vii) ਭਾਰਤ ਵਰਗੇ ਅਨਪੜ੍ਹ ਦੇਸ਼ ਵਿਚ ਉੱਚੀ-ਪਾਠ ਦੀ ਮਹਤੱਤਾ ਮੋਨ-ਪਾਠ ਨਾਲੋਂ ਕਿਤੇ ਵਧੇਰੇ ਹੈ। ਅਖਬਾਰਾਂ ਵਿਚੋਂ ਖਬਰਾਂ ਪੜ੍ਹ ਕੇ ਸੁਣਾਉਣਾ ਭਾਰਤੀ ਜਨਤਾ ਦੀ ਜ਼ਰੂਰੀ ਲੋੜ ਹੈ। ਇਸ ਤੋਂ ਛੁੱਟ ਅਨੇਕ ਉਸਾਰੂ ਪ੍ਰੋਗਰਾਮ ਅਜਿਹੇ ਹਨ ਜਿਥੇ ਜਨਤਕ ਹਿਤਾਂ ਦਾ ਨਿਰਭਰ ਪੜ੍ਹ ਕੇ ਸੁਣਾਉਣ ਨਾਲ ਜੁੜਿਆ ਹੋਇਆ ਹੈ। ਉੱਚੀ ਪੜ੍ਹਨ ਨਾਲ ਇਕ ਸਮੇਂ ਬਹੁਤ ਸਾਰੇ ਲੋਕ ਸੁਣ ਕੇ ਲਾਭ ਪ੍ਰਾਪਤ ਕਰ ਸਕਦੇ ਹਨ।

ਸਪਸ਼ੱਟ ਹੈ ਕਿ ਉੱਚੀ-ਪਾਠ ਦਾ ਨਾਂ ਕੇਵਲ ਸਿੱਖਿਆ ਖੇਤਰ ਵਿਚ ਹੀ ਸਥਾਨ ਹੈ ਸਗੋਂ ਰਾਜਸੀ, ਸਮਾਜਕ, ਭਾਈਚਾਰਕ, ਸਭਿਆਚਾਰਕ ਤੇ ਸਾਹਿਤਕ ਜੀਵਨ ਵਿਚ ਵੀ ਇਸਦੀ ਲੋੜ ਹੈ। ਸੂਖਮ-ਪਾਠ ਕਰਾਉਣ ਸਮੇਂ ਇਸ ਪੱਖ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

**2.2.8.2 ਮੌਨ ਪਾਠ :**

ਉੱਚੀ ਪੜ੍ਹਨ ਦਾ ਅਭਿਆਸ ਹੋ ਜਾਣ ਪਿਛੋਂ ਮੌਨ ਪੜ੍ਹਨ ਦੀ ਵਾਰੀ ਆਉਂਦੀ ਹੈ। ਮੌਨ ਪੜ੍ਹਨਾ, ਪੜ੍ਹਨ ਦੀ ਅਜਿਹੀ ਪ੍ਰਕ੍ਰਿਆ ਹੈ ਜਿਸ ਵਿੱਚ ਪੜ੍ਹਨ ਸਮੇਂ ਕੋਈ ਅਵਾਜ਼ ਨਾ ਨਿਕਲੇ। ਭਾਵ ਬਿਨ੍ਹਾਂ ਬੁੱਲ ਹਿਲਾਏ ਚੁਪਚਾਪ ਪੜ੍ਹਨਾ। ਸੂਖਮ ਅਰਥਾਂ ਵਿੱਚ ਮੌਨ ਪਾਠ ਦਾ ਅਰਥ ਚੁਪਚਾਪ ਪੜ੍ਹਦੇ ਹੋਏ ਵੱਧ ਤੋਂ ਵੱਧ ਅਰਥ ਗ੍ਰਹਿਣ ਕਰਨਾ ਹੈ। ਇਸ ਲਈ ਲਗਾਤਾਰ ਅਭਿਆਸ ਦੀ ਲੋੜ ਹੁੰਦੀ ਹੈ।

**2.2.8.2.1 ਮੌਨ ਪਾਠ ਦਾ ਮਹੱਤਵ :**

(i) ਉੱਚੀ-ਪਾਠ ਨਾਲ ਸਰੀਰਕ ਸ਼ਕਤੀ ਦਾ ਪ੍ਰਯੋਗ ਹੁੰਦਾ ਹੈ। ਇਸ ਲਈ ਇਸ ਨਾਲ ਛੇਤੀ ਹੀ ਥਕਾਵਟ ਹੋ ਜਾਂਦੀ ਹੈ ਪ੍ਰੰਤੂ ਮੌਨ ਪਾਠ ਨੂੰ ਅਸੀਂ ਕਈ ਘੰਟੇ ਲਗਾਤਾਰ ਕਰ ਸਕਦੇ ਹਾਂ।

(ii) ਮੌਨ ਪਾਠ ਜੀਵਨ ਵਿਚ ਵਧੇਰੇ ਕੰਮ ਆਉਂਦਾ ਹੈ। ਇਹ ਦੂਸਰਿਆਂ ਦੇ ਕੰਮ ਵਿਚ ਵਿਘਨ ਨਹੀਂ ਪਾਉਂਦਾ ਤੇ ਇਕ ਸਮੇਂ, ਇਕ ਸਥਾਨ ਤੇ ਬਹੁਤ ਸਾਰੇ ਪਾਠਕ ਆਪੋ ਆਪਣੇ ਕੰਮ ਕਰ ਸਕਦੇ ਹਨ। ਲਾਇਬ੍ਰੇਰੀਆ ਵਿਚ ਸੈਂਕੜੇ ਪਾਠਕ ਇਕ ਸਮੇਂ ਪੜ੍ਹ ਰਹੇ ਹੁੰਦੇ ਹਨ ਪਰ ਮਜ਼ਾਲ ਹੈ ਜ਼ਰਾ ਜਿੰਨੀ ਆਵਾਜ਼ ਆ ਜਾਵੇ। ਸੋ ਪੜ੍ਹਨ ਦਾ ਸਭਯ-ਢੰਗ ਮੌਨ ਪਾਠ ਹੀ ਹੈ। ਉੱਚੀ-ਪਾਠ ਕਈ ਵੇਰ ਤੋਤੇ ਵਾਂਗ ਰੱਟਾ ਲਾਉਣ ਦਾ ਸਾਧਨ ਬਣ

ਜਾਂਦਾ ਹੈ।

(iii) ਮੌਨ ਪਾਠ ਨਾਲ ਬੱਚਿਆਂ ਦੀ ਇਕਸਾਰਤਾ ਕਾਇਮ ਰਹਿੰਦੀ ਹੈ। ਉਹ ਜੋ ਪੜ੍ਹਦੇ ਹਨ ਸਮਝ-ਸਮਝ ਕੇ ਪੜ੍ਹਦੇ ਹਨ। ਉੱਚੀ ਬੋਲਣ ਨਾਲ ਕਈ ਵੇਰ ਸਾਡੇ ਵਿਚਾਰ ਖਿੰਡ ਜਾਂਦੇ ਹਨ ਤੇ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੇ।

(iv) ਮੌਨ ਪਾਠ ਵਿਚ ਪੜ੍ਹਨ ਗਤੀ ਤੇਜ਼ ਹੋ ਜਾਂਦੀ ਹੈ, ਥੋੜ੍ਹੇ ਸਮੇਂ ਵਿਚ ਬਹੁਤ ਕੰਮ ਹੋ ਜਾਂਦਾ ਹੈ।

(v) ਮੌਨਪਾਠ ਨਾਲ ਸੁਤੰਤਰ ਰੂਪ ਵਿਚ ਕੰਮ ਕਰਨ ਦੀ ਆਦਤ ਪੈਂਦੀ ਹੈ ਤੇ ਬੱਚਿਆਂ ਅੰਦਰ ਨਿਜੀ ਜ਼ਿੰਮੇਵਾਰੀ ਆਉਂਦੀ ਹੈ। ਉਨ੍ਹਾਂ ਨੇ ਜੋ ਪੜ੍ਹਨਾ ਹੈ, ਆਪਣੇ ਸ਼ੌਕ ਨੂੰ ਪੂਰਾ ਕਰਨ ਵਾਸਤੇ ਜਾਂ ਆਪਣੀ ਲੋੜ ਨੂੰ ਪੂਰਾ ਕਰਨ ਵਾਸਤੇ ਪੜ੍ਹਨਾ ਹੈ। ਅਧਿਆਪਕ ਪਾਸੋਂ ਸ਼ਾਬਾਸ਼ ਲੈਣ ਵਾਸਤੇ ਨਹੀਂ ਪੜ੍ਹਨਾ।

(vi) ਮੌਨ ਪਾਠ ਨਾਲ ਬੱਚਿਆਂ ਦੀ ਸੋਚਣ ਅਤੇ ਸਮਝਣ ਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ।

ਅਸੀਂ ਆਪਣੀ ਵਿਹਲੇ ਸਮੇਂ ਵਿਚ ਦਿਲ ਪਰਚਾਵੇ ਲਈ ਅਥਵਾ ਗਿਆਨ ਪ੍ਰਾਪਤੀ ਲਈ ਜੋ ਵੀ ਅਧਿਐਨ ਕਰਦੇ ਹਾਂ, ਉਹ ਮੌਨ ਪਾਠ ਰਾਹੀਂ ਹੀ ਹੁੰਦਾ ਹੈ। ਬਚਪਨ ਵਿਚ ਪਈਆਂ ਹੋਈਆਂ ਸੁਚੱਜੀਆਂ ਆਦਤਾਂ ਜ਼ਿੰਦਗੀ ਭਰ ਨਿਭਦੀਆਂ ਹਨ।

ਬੱਚਿਆਂ ਨੂੰ ਮੁੱਢਲੀਆਂ ਸ਼੍ਰੇਣੀਆਂ ਵਿਚ ਹੀ ਮੌਨ-ਪਾਠ ਦੇ ਅਭਿਆਸ ਕਰਾਏ ਜਾਣ। ਸੂਖਮ-ਪਾਠ ਕਰਨ ਸਮੇਂ ਬੱਚਿਆਂ ਨੂੰ ਇਕ ਪੈਰ੍ਹਾ ਪੜ੍ਹਨ ਵਾਸਤੇ ਦੇ ਦਿੱਤਾ ਜਾਵੇ। ਉਹ ਨਿਸ਼ਚਿਤ ਸਮੇਂ ਅੰਦਰ ਉਸ ਪੈਰ੍ਹੇ ਨੂੰ ਧਿਆਨ ਕੇਂਦਰਿਤ ਕਰਕੇ ਮੂੰਹ ਵਿਚ ਵਾਚਨ। ਆਵਾਜ਼ ਬਿਲਕੁਲ ਨਾ ਆਵੇ। ਬਾਅਦ ਵਿਚ ਅਧਿਆਪਕ ਉਸ ਪੈਰ੍ਹੇ ਨਾਲ ਸੰਬੰਧਿਤ ਕੁਝ ਪ੍ਰਸ਼ਨ ਪੁੱਛੇ ਜਾਂ ਪ੍ਰਸ਼ਨਾਂ ਦੇ ਉੱਤਰ ਘਰੋਂ ਲਿਖ ਕੇ ਲਿਆਉਣ ਵਾਸਤੇ, ਕਹਿ ਦਿੱਤਾ ਜਾਵੇ।

ਆਮ ਵੇਖਣ ਵਿਚ ਆਉਂਦਾ ਹੈ ਕਿ ਲਾਇਬਰੇਰੀ-ਪਾਠ ਦੀ ਘੰਟੀ ਵਿਚ ਕਾਵਾਂ ਰੌਲੀ ਮਾਰ ਜਾਂਦੀ ਹੈ। ਬੱਚਿਆਂ ਨੂੰ ਲੋੜੀਂਦੀਆਂ ਹਦਾਇਤਾਂ ਦਿੱਤੀਆਂ ਜਾਣ ਤਾਂ ਜੋ ਇਕ ਦੂਜੇ ਦੇ ਕੰਮਾਂ ਵਿਚ ਵਿਘਨ ਨਾ ਪਵੇ। ਬੱਚਿਆਂ ਦੇ ਸਾਹਮਣੇ ਕੋਈ ਉਦੇਸ਼ ਮਿੱਥ ਦੇਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਬੱਚੇ ਜੋ ਪੜ੍ਹਨਗੇ, ਸਮਝ ਕੇ ਪੜ੍ਹਨਗੇ।

**2.2.9 ਬੱਚਿਆ ਅੰਦਰ ਚੰਗੀਆਂ ਪੜ੍ਹਨ ਰੁੱਚੀਆ ਉਤੇਜਿਤ ਕਰਨ ਲਈ ਯਤਨ ਕਰਨਾ:**

ਬੱਚਿਆ ਅੰਦਰ ਪੜ੍ਹਨ ਰੁਚੀਆ ਨੂੰ ਉਤੇਜਿਤ ਲਈ ਹੇਠ ਲਿਖੇ ਯਤਨ ਕਰਨੇ ਚਾਹੀਦੇ ਹਨ:

1. ਬੱਚਿਆ ਅੰਦਰ ਪੜ੍ਹਨ ਰੁਚੀਆ ਤਾਂ ਹੀ ਪ੍ਰਫੱਲਤ ਹੋਣਗੀਆਂ ਜੇਕਰ ਸਕੂਲ ਵਿਚ ਵਧੀਆ ਸਕੂਲ ਪੁਸਤਕਾਲਾ ਹੋਵੇ।

ਇਸ ਲਈ ਸਕੂਲ ਵਿਚ ਇਹ ਯਤਨ ਕਰਨਾ ਚਾਹੀਦਾ ਹੈ ਕਿ ਹਰੇਕ ਜਮਾਤ ਦੇ ਵਿਦਿਆਰਥੀਆਂ ਦੀਆਂ ਲੋੜਾ ਅਤੇ ਮਾਨਸਿਕ ਪੱਧਰ ਅਨੁਸਾਰ ਪੁਸਤਕਾਂ ਦੀ ਚੋਣ ਕੀਤੀ ਜਾਵੇ। ਪੁਸਤਕਾਂ ਨੂੰ ਕ੍ਰਮਵਾਰ ਤੇ ਤਰਤੀਬ ਵਿਚ ਅਲਮਾਰੀਆਂ ਵਿਚੋ ਰੱਖਿਆ ਜਾਵੇ ਤਾਂ ਜੋ ਬੱਚੇ ਆਪਣੀ ਮਨਮਰਜ਼ੀ ਤੇ ਰੁਚੀ ਅਨੁਸਾਰ ਪੁਸਤਕਾਂ ਦੀ ਚੋਣ ਕਰ ਸਕਣ ਅਤੇ ਪੜ੍ਹ ਸਕਣ।

2. ਸਕੂਲ ਵਿਚ ਵੱਧ ਤੋ ਵੱਧ ਭਾਸ਼ਾ ਸਿੱਖਿਆ ਕਿਰਿਆਵਾਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਉਨ੍ਹਾਂ ਵਿਚ ਹਿਸਾ ਲੈਣ ਅਤੇ ਓਨ੍ਹਾਂ ਵਿਚ ਪੜ੍ਹਨ ਰੁਚੀਆਂ ਦਾ ਵਿਕਾਸ ਹੋਵੇ। ਬੱਚਿਆਂ ਨੂੰ ਨਾਟਕ, ਇਕਾਂਗੀ ਤੋ ਇਲਾਵਾ ਸਾਹਿਤ ਵਿਚ ਰੁਚੀ ਲੈਣ ਲਈ ਵੀ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।
3. ਸਕੂਲ ਵਿਚ ਬੱਚਿਆਂ ਨੂੰ ਸਹਾਇਕ ਪੁਸਤਕਾਂ ਵੀ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਤਾ ਪੜ੍ਹਨੀਆਂ ਹੀ ਹੁੰਦੀਆਂ ਹਨ ਪਰ ਬੱਚਿਆ ਨੂੰ ਹੋਰ ਪੜ੍ਹਨ ਸਮੱਗਰੀ ਦੇ ਕੇ ਉਨ੍ਹਾਂ ਵਿਚ ਅਧਿਐਨ ਦੀ ਰੁਚੀ ਪੈਦਾ ਕੀਤੀ ਜਾ ਸਕਦੀ ਹੈ।
4. ਭਾਸ਼ਾ ਅਧਿਆਪਕ ਆਪ ਪੜ੍ਹਨ ਰੁਚੀ ਵਾਲਾ ਹੋਣਾ ਚਾਹੀਦਾ ਹੈ ਤਾਂ ਕਿ ਜਮਾਤ ਵਿਚ ਉਹ ਵਿਦਿਆਰਥੀਆਂ ਦੀ ਰੁਚੀ ਅਨੁਸਾਰ ਗਿਆਨ ਦੇ ਸਕੇ ਅਤੇ ਉਨ੍ਹਾਂ ਨੂੰ ਪੜ੍ਹਨ ਲਈ ਉਤੇਜਿਤ ਕਰ ਸਕੇ।
5. ਅਧਿਆਪਕ ਨੂੰ ਬੱਚਿਆ ਦੇ ਵੱਖ ਵੱਖ ਸ਼ੋਕਾਂ ਅਤੇ ਰੁਚੀਆਂ ਬਾਰੇ ਪਤਾ ਹੋਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨਾਲ ਸੰਬੰਧਿਤ ਪਸਤਕਾਂ ਦੱਸ ਸਕੇ।
6. ਪ੍ਰਭਾਵਸ਼ਾਲੀ ਪੜ੍ਹਨ-ਰੁਚੀਆ ਦੇ ਵਿਕਾਸ ਲਈ ਵਿਦਿਆਰਥੀਆਂ ਨੂੰ ਜ਼ਰੂਰੀ ਨੋਟਸ ਲੈਣੇ ਸਖਾਉਣਾ ਚਾਹੀਦਾ ਹੈ। ਅਧਿਆਪਕ ਆਪ ਨੋਟਸ ਦੇ ਨਮੂਨੇ ਪੇਸ਼ ਕਰੇ। ਅਖਬਾਰਾਂ ਜਰੂਰੀ ਘਟਨਾਵਾਂ, ਵਿਦਿਆਰਥੀ ਸਭਾ ਆਦਿ

ਤੇ ਨੋਟ ਲਿਖਣ ਲਈ ਕਿਹਾ ਜਾਵੇ।

7. ਪੁਸਤਕਾਂ ਵਿਚੋ ਲੋੜੀਦੀ ਸਮੱਗਰੀ ਲਭਣ ਦੀ ਸਿਖਲਾਈ ਵਿਦਿਆਰਥੀਆਂ ਨੂੰ ਦਿੱਤੀ ਜਾਵੇ।

8. ਪੁਸਤਕਾਂ ਨੂੰ ਸੰਭਾਲ ਕੇ ਕਿਵੇ ਰੱਖਣਾ ਚਾਹੀਦਾ ਹੈ ਇਸ ਦਾ ਗਿਆਨ ਵੀ ਵਿਦਿਆਰਥੀਆਂ ਨੂੰ ਦਿੱਤਾ ਜਾਣਾ ਚਾਹੀਦਾ ਹੈ।

9. ਵਿਦਿਆਰਥੀਆਂ ਨੂੰ ਸਮੇ ਸਮੇ ਕੋਈ ਪ੍ਰੋਜੈਕਟ ਦੇ ਕੇ ਜਾਂ ਫਿਲਮਾਂ ਦੇ ਨਮੂਨੇ ਤੋ ਨੋਟ ਲਿਖਣ ਲਈ ਕਿਹਾ ਜਾ ਸਕਦਾ ਹੈ।

10. ਅਧਿਆਪਕ ਦੀ ਅਗਵਾਈ ਨਾਲ ਵਿਦਿਆਰਥੀਆਂ ਨੂੰ ਉਸ ਦੀ ਰੁੱਚੀ ਮੁਤਾਬਿਕ ਪੇਪਰ ਰੀਡਿੰਗ ਮੁਕਾਬਲੇ ਕਰਵਾਕੇ, ਤਸਵੀਰਾਂ ਕਟਵਾ ਕੇ, ਬੁਲਿਟਨ ਬੋਰਡ ਬਣਵਾਕੇ, ਮਹਾਨ ਵਿਆਕਤੀਆਂ ਦੇ ਵੱਡਮੁੱਲੇ ਵਿਚਾਰਾਂ ਨੂੰ ਲਿਖਕੇ ਵੀ ਰੁੱਚੀਆਂ ਉਤੇਜਿਤ ਕੀਤੀਆਂ ਜਾ ਸਕਦੀਆਂ ਹਨ।

**2.2.10 ਸਾਰ :**

ਪੜ੍ਹਨਾ ਇੱਕ ਕੌਸ਼ਲ ਹੈ। ਇਸ ਲਈ ਜੇਕਰ ਅਭਿਆਸ ਵੱਧ ਹੋਵੇਗਾ ਉਦੋ ਹੀ ਸਿੱਟੇ ਚੰਗੇ ਨਿਕਲਣਗੇ। ਭਾਸ਼ਾ ਸਿੱਖਿਆ ਤੇ ਭਾਸ਼ਾਈ ਵਿਕਾਸ ਇਕ ਸਦਾ ਚਾਲੂ ਕਾਰਜ ਹੈ ਜੋ ਜਨਮ ਨਾਲ ਆਰੰਭ ਹੁੰਦਾ ਹੈ ਤੇ ਮੌਤ ਨਾਲ ਹੀ ਮੁਕਦਾ ਹੈ। ਇਸ ਨੂੰ ਸਹੀ ਲੀਹਾਂ ਤੇ ਚਾਲੂ ਕਰਨ ਦਾ ਸੁਭਾਗ ਅਧਿਆਪਕ ਦਾ ਹੈ। ਉਸਨੇ ਆਪਣਾ ਕਾਰਜ ਆਰੰਭ ਤਾਂ ਕਰਨਾ ਹੈ ਪਰ ਮੁਕਾਉਣਾ ਨਹੀਂ।

ਜੀ.ਬੀ. ਸ਼ਾਹ ਦਾ ਕਥਨ ਹੈ ਕਿ ਪੜ੍ਹਨ ਨਾਲ ਹੀ ਮਨੁੱਖ ਬਣਿਆ ਜਾ ਸਕਦਾ ਹੈ। ਇਸ ਲਈ ਇਹ ਅਧਿਆਪਕ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਨ ਦਾ ਅਭਿਆਸ ਕਰਵਾਏ। ਪੜ੍ਹਨਾ ਸਿਖਾਉਣ ਦੇ ਉਦੇਸ਼ਾਂ ਨੂੰ ਧਿਆਨ ਵਿੱਚ ਰਖਦੇ ਹੋਏ ਵੱਖ-ਵੱਖ ਕਿਸਮਾਂ ਨਾਲ ਬੱਚਿਆਂ ਨੂੰ ਪੜ੍ਹਾਉਣਾ ਚਾਹੀਦਾ ਹੈ।

**2.2.11 ਮੁੱਖ ਬਿੰਦੂ:** ਪੜ੍ਹਨ ਸਿਖਾਉਣਾ- ਲਿਪੀ ਬੱਧ ਅੱਖਰਾਂ ਦੇ ਜੁਬਾਨੀ ਪ੍ਰਗਟਾਂ ਨੂੰ ਪੜਨਾ ਜਾ ਵਾਚਨ ਕਹਿੰਦੇ ਹਨ।

**2.2.12 ਸਵੈ ਮੁਲਾਂਕਣ: ਸਹੀ ਗਲਤ ਦੀ ਚੋਣ ਕਰੋ।**

1. ਪੜ੍ਹਨਾ ਮਾਨਸਿਕ ਕ੍ਰਿਆ ਦੇ ਨਾਲ ਨਾਲ ਸਰੀਰਕ ਕ੍ਰਿਆ ਵੀ ਹੈ।
2. ਸੂਖਮ ਪੜ੍ਹਾਈ ਦਾ ਅਰਥ ਹੈ।ਬੱਚਿਆ ਦੀ ਲਿਖਾਵਟ ਨੂੰ ਸੋਧਣਾ।
3. ਪੜ੍ਹਨਾ ਸਿਖਾਉਣਾ ਦਾ ਅਰਥ ਬੱਚਿਆ ਦਾ ਉਚਾਰਨ ਠੀਕ ਕਰਨਾ ਹੈ।
4. ਪੁਸਤਕਾਂ, ਰਸਾਲੇ, ਸਮਾਚਾਰ ਪੱਤਰ ਆਦਿ ਪੜ੍ਹਨ ਨਾਲ ਬੱਚਿਆ ਅੰਦਰ ਅਧਿਐਨ ਰੁਚੀਆਂ ਪ੍ਰਵੇਸ ਹੁੰਦੀਆਂ ਹਨ।

ਉਤਰ 1. ਸਹੀ 2. ਗਲਤ 3. ਸਹੀ 4. ਸਹੀ

**2.2.13 ਅਭਿਆਸੀ ਪ੍ਰਸ਼ਨ :**

1. ਪੜ੍ਹਨਾ ਸਿਖਾਉਣਾ (Reading) ਦੇ ਕੀ ਉਦੇਸ਼ ਹਨ ? ਉਹ ਸਾਡੇ ਸਕੂਲਾਂ ਵਿਚ ਕਿਸ ਹੱਦ ਤੱਕ ਪੂਰੇ ਹੋ ਰਹੇ ਹਨ?
2. ''ਉਚੀ ਪੜ੍ਹਨਾ ਬੱਚੇ ਦੀ ਲੋੜ ਹੈ ਅਤੇ ਮੌਨ-ਪਾਠ ਉਸਦਾ ਇਕ ਗੁਣ ਹੈ।'' ਉਦਾਹਰਣਾਂ ਦਿੰਦੇ ਹੋਏ ਇਸਦੀ ਵਿਆਖਿਆ ਕਰੋ?
3. ਪੜਾਉਣ ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ ?
4. ਸਥੂਲ ਤੇ ਸੂਖਮ ਪੜਾਈ ਤੋਂ ਕੀ ਭਾਵ ਹੈ ? ਦੋਹਾਂ ਵਿਚਲਾ ਅੰਤਰ ਸ਼ਪੱਸ਼ਟ ਕਰੋ ?
5. ਕਈ ਬੱਚੇ ਪੜਨ ਵਿੱਚ ਪਛੜ ਜਾਂਦੇ ਹਨ ਇਸ ਦੇ ਕੀ ਕਾਰਨ ਹਨ ਤੇ ਇਨ੍ਹਾਂ ਨੂੰ ਕਿਵੇਂ ਦੂਰ ਕਰੋਗੇ।

**2.2.14 ਪੁਸਤਕਾਂ ਸੂਚੀ :**


1. ਸੁਖਵਿੰਦਰ ਸਿੰਘ ਸੇਖੋਂ ਅਤੇ ਮਨਦੀਪ ਕੌਰ ਸੇਖੋਂ : ਪੰਜਾਬੀ ਭਾਸ਼ਾ ਦਾ ਅਧਿਆਪਨ
2. ਡਾਕਟਰ ਮਹਿੰਦਰ ਸਿੰਘ : ਪੰਜਾਬੀ ਕਿਵੇਂ ਪੜ੍ਹਾਈ ਜਾਵੇ
3. ਆਰ. ਐਨ. ਸਫਾਇਆ : ਪੰਜਾਬੀ ਸਿੱਖਣ ਦੀ ਵਿਧੀ
4. ਰੋਸ਼ਨ ਲਾਲ ਆਹੂਜਾ : ਮਾਤ-ਭਾਸ਼ਾ ਦੀ ਸਿੱਖਿਆ
5. ਦੀਵਾਨ ਸਿੰਘ : ਮਾਤ-ਭਾਸ਼ਾ ਦੀ ਸਿੱਖਿਆ
6. ਜਸਵੰਤ ਸਿੰਘ ਜਸ : ਮਾਤ-ਭਾਸ਼ਾ ਦੀ ਸਿੱਖਿਆ ਵਿਧੀ

ਪਾਠ ਨੰ: 2.3

ਸ. ਜਸਪਾਲ ਸਿੰਘ

**Updated by Dr. Pushpinder Kaur on July, 2025**

## ਲਿਖਣਾ ਸਿਖਾਉਣਾ

2.3.0 ਢਾਂਚਾ

2.3.1 ਉਦੇਸ਼

2.3.2 ਜਾਣ ਪਛਾਣ

2.3.3 ਲਿਖਣਾ ਸਿਖਾਉਣ ਦੇ ਉਦੇਸ਼

2.3.4 ਪ੍ਰਮੁੱਖ ਵਿਧੀਆਂ

2.3.5 ਲਿਖਤੀ ਕੰਮ ਦੀ ਸੁਧਾਈ

2.3.6 ਮਹੱਤਵ

2.3.7 ਸੁਧਾਈ ਦੇ ਢੰਗ

2.3.8 ਸ਼ਬਦ ਜੋੜਾਂ ਦੀਆਂ ਗਲਤੀਆਂ

2.3.9 ਸੁਧਾਰ ਲਈ ਯਤਨ

2.3.10 ਸਾਰ

2.3.11 ਮੁੱਖ ਬਿੰਦੂ

2.3.12 ਸਵੈਮੁਲਾਂਕਣ

2.3.13 ਸੁਝਾਏ ਪ੍ਰਸ਼ਨ

2.3.14 ਸੁਝਾਈਆਂ ਪੁਸਤਕਾਂ।

### 2.3.1 ਉਦੇਸ਼ :

**ਇਹ ਪਾਠ ਪੜਨ ਤੋਂ ਬਾਅਦ ਵਿਦਿਆਰਥੀ :**

1. ਲਿਖਣਾਂ ਸਿਖਾਉਣ ਦੇ ਉਦੇਸ਼ ਸਮਝ ਜਾਣਗੇ।
2. ਲਿਖਣਾਂ ਸਿਖਾਉਣ ਦੀਆਂ ਵਿਧੀਆਂ ਬਾਰੇ ਜਾਣੂ ਹੋ ਜਾਣਗੇ।
3. ਲਿਖਤੀ ਕੰਮ ਵਿੱਚ ਗਲਤੀਆਂ ਕੱਢ ਕੇ ਉਸ ਦੇ ਸੁਧਾਰਨ ਯੋਗ ਹੋ ਜਾਣਗੇ।
4. ਸ਼ਬਦ ਜੋੜਾਂ ਦੀਆਂ ਗਲਤੀਆਂ ਸੁਧਾਰਨ ਯੋਗ ਹੋ ਜਾਣਗੇ।

### 2.3.2 ਜਾਣ-ਪਛਾਣ :

ਭਾਸ਼ਾ ਸਿੱਖਿਆ ਅਧੀਨਹੈੱਖ ਰੂਪ ਵਿਚ ਵਿਦਿਆਰਥੀਆਂ ਦੇ ਭਾਸ਼ਾ ਹੁਨਰਾਂ ਵਿਚ ਨਿਪੁੰਨ ਬਣਾਉਣ ਦੇ ਯਤਨ ਕੀਤੇ ਜਾਂਦੇ ਹਨ। ਇਹ ਹਨ - ਸੁਣਨਾ, ਬੋਲਣਾ, ਪੜ੍ਹਨਾ ਤੇ ਲਿਖਣਾ। ਹਰ ਵਿਅਕਤੀ ਆਪਣੇ ਰਜ਼ਾਨਾ ਜੀਵਨ ਵਿਚ ਇਨ੍ਹਾਂ ਹੁਨਰਾਂ ਦੀ ਵਰਤੋਂ ਕਰਦਾਏ। ਕੋਈ ਵਿਅਕਤੀ ਇਹਨਾਂ ਵਿਚ ਕਿਨਾਂ ਕੁ ਸਮਰੱਥਏ, ਇਸ ਦਾ ਅਨੁਮਾਨ ਉਸ ਦੇ ਇਹਨਾਂ ਹੁਨਰਾਂ ਦੇ [ਸਿੱਖਣ] ਦੇ ਪੱਧਰ ਤੋਂ ਲਗਾਇਆ ਜਾ ਸਕਦਾਏ। ਅਜੋਕੇ ਸਮਾਜ ਵਿਚ ਲਿਖਣ ਦਾ ਅਤਿਅੰਤਹੈਂਹਤਵਏ। ਲਿਖਣਾ ਦੀਆਂ ਤਿੰਨਹੈੱਖ ਯੋਗਤਾਵਾਂ ਆਉਂਦੀਆਂ ਹਨ ਪਹਿਲੀ ਯੋਗਤਾ ਭਾਸ਼ਾ ਦੇ ਉਹਨਾਂ ਚਿੰਨ੍ਹਾਂ (ਅੱਖਰਾਂ ਅਤੇ ਲਗਾਂਹੈਤਰਾਵਾਂ)ਨੂੰ ਸ਼ੁੱਧ ਰੂਪ ਤੇ ਸਹੀ ਆਕਾਰ ਵਿੱਚ ਅੰਕਤ ਕਰਨਾ ਜਿਨ੍ਹਾਂ ਦੇ ਪੰਜਾਬੀ ਭਾਸ਼ਾ ਦੇ ਸੰਬੰਧ ਵਿਚ ਗੁਰਮੁਖੀ ਲਿਪੀ, ਚਿੰਨ੍ਹ ਤੇ ਲਗਾਂ, ਲਗਾਖਰਾਂ ਦੇ ਲਿਖਣਾ ਆਦਿ ਕਿਹਾ ਜਾਂਦਾ ਹੈ।

ਦੂਜੀ ਯੋਗਤਾ ਅੱਖਰਾਂ ਦੇ ਢੁੱਕਵੇਂ ਜੋੜਾਂ ਜਾਂਹੈਲਾਂ ਰਾਹੀਂ ਬਣਨ ਵਾਲੇ ਸ਼ਬਦਾਂ ਦੇ ਅੰਕਤ ਕਰਨ ਦੀਏ। ਜਿਸ ਦੇ [ਸ਼ਬਦ-ਜੋੜ] ਕਿਹਾ ਜਾਂਦਾ ਹੈ। ਤੀਜੀ

ਯੋਗਤਾ ਇਹਨਾਂ ਲਿਪੀ ਚਿਨ੍ਹਾਂ, ਤੇ ਸ਼ਬਦਾਂ ਰਾਹੀਂ ਆਪਣੇ ਵਿਚਾਰਾਂ, ਭਾਵਾਂ, ਖਿਆਲਾਂ, ਵਲਵਲਿਆਂ ਆਦਿ ਦੇ ਲਿਖ ਕੇ ਪ੍ਰਗਟ ਕਰਨ ਦੀਏ। ਇਸ ਯੋਗਤਾ ਵਿਚ ਪ੍ਰਗਟਾਅ ਸਮੇਂ ਢੁੱਕਵੇਂ ਸ਼ਬਦਾਂ ਦੀ ਢੁੱਕਵੀਂ ਤਰਤੀਬ ਵਿਚ ਵਰਤੋਂ ਸ਼ਾਮਿਲਏ। ਇਸ ਦੇ [ਰਚਨਾ ਕਰਨ] ਦੀ ਯੋਗਤਾ ਜਾਂ ਰਚਨਾਤਮਿਕ ਯੋਗਤਾ ਕਿਹਾ ਜਾ ਸਕਦਾਏ।

ਇਹ ਯੋਗਤਾਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ, ਭਾਸ਼ਾ ਅਧਿਆਪਨ ਦੀ ਦ੍ਰਿਸ਼ਟੀ ਤੋਂ ਲਿਖਣਾ ਸਿਖਾਉਣਾ ਅਧੀਨ ਵਿਦਿਆਰਥੀਆਂ ਦੇ ਇਹਨਾਂ ਵਿੱਚਹੈਹਾਰਤ ਹਾਸਲ ਕਰਾਉਣ ਲਈ ਹੰਭਲਾਹੈਰਿਆ ਜਾਂਦਾਏ।

## 2.3.3 ਲਿਖਣਾ ਸਿਖਾਉਣ ਦੇ ਉਦੇਸ਼ :

ਰਾਇਬਰਨ (Ryburn) ਅਨੁਸਾਰ ਲਿਖਤ ਰਚਨਾ ਦੀ ਸਿੱਖਿਆ ਦਾਹੈਲ ਉਦੇਸ਼, ਵਿਦਿਆਰਥੀਆਂ ਦੇ ਇਸ ਯੋਗ ਬਣਾ ਦੇਣਾ ਕਿ ਉਹ ਆਪਣੇ ਵਿਚਾਰਾਂ ਦੇ ਆਪਣੇ ਢੰਗ ਨਾਲ ਪੇਸ਼ ਕਰ ਸਕਣ ਅਤੇ ਸੁਤੰਤਰਤਾ ਪੂਰਵਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰ ਸਕਣ।

**ਲਿਖਤ ਰਚਨਾ ਦੀ ਸਿੱਖਿਆ ਦੇ ਹੇਠ ਲਿਖੇ ਉਦੇਸ਼ ਮਿੱਥੇ ਗਏ ਹਨ□**

1. ਵਿਦਿਆਰਥੀਆਂ ਦੇ ਇਸ ਯੋਗ ਬਣਾਉਣਾ ਕਿ ਉਹ ਆਪਣੇ ਵਿਚਾਰਾਂ ਦੇਹੈਹੱਤਵਪੂਰਨ, ਕ੍ਰਮਬੱਧ ਤੇ ਸ਼ੁੱਧ ਭਾਸ਼ਾ ਵਿੱਚ ਲਿਖ ਸਕਣ।
2. ਵਿਦਿਆਰਥੀਆਂ ਦੇ ਸ਼ਬਦ ਭੰਡਾਰ ਵਿਚ ਵਾਧਾ ਕਰਨਾ ਤੇ ਉਹਨਾਂ ਸ਼ਬਦਾਂ ਦਾ ਪ੍ਰਯੋਗ ਕਰਨਾ ਸਿਖਾਉਣਾ।
3. ਵਿਦਿਆਰਥੀਆਂ ਅੰਦਰ ਨਿਰੀਖਣ, ਤਰਕ ਤੇ ਵਿਤਰਕ ਸ਼ਕਤੀਆਂ ਦਾ ਵਿਕਾਸ ਕਰਨਾ।
4. ਵਿਦਿਆਰਥੀਆਂ ਅੰਦਰਹੈਕੇ ਤੇ ਪ੍ਰਸੰਗ ਅਨੁਸਾਰ ਭਾਸ਼ਾ ਸ਼ੈਲੀ ਦਾ ਪ੍ਰਯੋਗ ਕਰ ਸਕਣ ਦੀ ਯੋਗਤਾ ਪੈਦਾ ਕਰਨਾ।
5. ਵਿਦਿਆਰਥੀਆਂ ਅੰਦਰ ਚੰਗੀ ਲਿਖਤ ਦੁਆਰਾ ਵਿਵਹਾਰਿਕ ਜੀਵਨ ਵਿੱਚ ਨਿਪੁੰਨਤਾ ਪੈਦਾ ਕਰਨਾ।
6. ਵਿਦਿਆਰਥੀਆਂ ਅੰਦਰ ਘੱਟ ਤੋਂ ਘੱਟ ਸ਼ਬਦਾਂ ਰਾਹੀਂ ਜ਼ਿਆਦਾ ਤੋਂ ਜ਼ਿਆਦਾ ਭਾਵ ਪ੍ਰਗਟ ਕਰਨ ਦੀ ਯੋਗਤਾ ਪੈਦਾ ਕਰਨਾ।
7. ਵਿਦਿਆਰਥੀਆਂ ਦੇ ਰਚਨਾ ਦੀਆਂ ਭਿੰਨ-ਭਿੰਨ ਸ਼ੈਲੀਆਂ ਬਾਰੇ ਜਾਣਕਾਰੀ ਕਰਵਾ ਕੇ ਉਹਨਾਂ ਦੀ ਆਪਣੀ ਸ਼ੈਲੀ ਦਾ ਵਿਕਾਸ ਕਰਨਾ।
8. ਵਿਦਿਆਰਥੀਆਂ ਅੰਦਰਹੈਲਿਕ ਲਿਖਣ ਦੀ ਯੋਗਤਾ ਪੈਦਾ ਕਰਨਾ।
9. ਵਿਦਿਆਰਥੀਆਂ ਵਿੱਚ ਆਲੋਚਨਾ, ਅਧਿਐਨ ਤੇ ਚਿੰਤਨ ਪ੍ਰਤੀ ਰੁਚੀ ਪੈਦਾ ਕਰਨਾ।

## 2.3.4 ਲਿਖਣਾ ਸਿਖਾਉਣ ਦੀਆਂ ਵਿਧੀਆਂ

ਵਿਦਿਆਰਥੀਆਂ ਨੂੰ ਲਿਖਣਾ ਸਿਖਾਉਣ ਲਈ ਹੇਠ ਲਿਖੀਆਂ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

(1) ਅਨੁਕਰਣ ਵਿਧੀ : ਅੱਜ-ਕੱਲ ਸਾਡੇ ਸਕੂਲਾਂ ਵਿਚ ਅਨੁਕਰਣ ਵਿਧੀ ਰਾਹੀਂ ਬੱਚਿਆਂ ਦੇ ਅੱਖਰ ਲਿਖਣਾ ਸਿਖਾਇਆ ਜਾਂਦਾਏ। ਇਸ ਦੇ ਤਿੰਨ ਰੂਪ ਹਨ।

(i) ਵਰਣਮਾਲਾ ਵਿਧੀ : ਵਰਣਮਾਲਾ ਵਿਧੀ ਅਨੁਸਾਰ ਅਧਿਆਪਕ ਗੁਰਮੁਖੀ ਲਿਪੀ ਦੇ ਪੈਂਤੀ ਅੱਖਰ [ੳ] ਤੋਂ ਲੈ ਕੇ [ੜ] ਤੱਕ ਕਰਮਵਾਰ ਲਿਖਣਾ ਸਿਖਾਉਂਦਾਏ। ਅਧਿਆਪਕ ਚਾਕ ਫੱਟੇ ਜਾਂ ਬੱਚੇ ਦੀ ਫੱਟੀ ਜਾਂ ਕਾਪੀ ਉੱਪਰ ਅੱਖਰ ਲਿਖ ਦਿੰਦਾ ਹੈ, ਬੱਚੇ ਅਧਿਆਪਕ ਦੇ ਲਿਖਦਾ ਵੇਖ ਕੇ, ਨਕਲ ਕਰਕੇ, ਨਾਲ ਨਾਲ ਲਿਖਦੇ ਜਾਂਦੇ ਹਨ। ਜਿੱਥੇ ਕਿਸੇ ਅੱਖਰ ਦੀ ਰਚਨਾ ਵਿਚ ਵਿਦਿਆਰਥੀ ਦੇਹੈਸ਼ਕਿਲ ਆਉਂਦੀਏ, ਤਾਂ ਅਧਿਆਪਕ ਸਮਝਾ ਦਿੰਦਾਏ। ਅੱਖਰ ਲਿਖਣਾ ਸਿਖਾਉਣ ਤੋਂਹੈਗਰੋਂ ਅੱਖਰਾਂ ਦੇ ਲਗਾਂਹੈਤਰਾ ਲਾ ਕੇ ਸ਼ਬਦ ਬਣਾਉਣੇ ਸਿਖਾਏ ਜਾਂਦੇ ਹਨ।

(ii) ਪੂਰਨਿਆਂ ਉੱਪਰ ਲਿਖਣਾ : ਅਧਿਆਪਕ ਬੱਚਿਆਂ ਦੀ ਕਾਪੀ ਜਾਂ ਤਖਤੀ ਉੱਪਰ ਪੈਨਸਿਲ ਨਾਲ ਅੱਖਰ ਲਿਖ ਦਿੰਦਾਏ। ਵਿਦਿਆਰਥੀ ਪੈਨਸਿਲ ਨਾਲ ਲਿਖੇ ਹੋਏ ਅੱਖਰਾਂ ਉੱਪਰ ਕਲਮ ਤੇ ਸਿਹਾਈ ਨਾਲ ਲਿਖ ਦਿੰਦਾਏ। ਇਸੇ ਤਰ੍ਹਾਂ ਕਲਮ ਚਲਾਉਂਦੇ ਹੋਏ ਉਸ ਦੇ ਰਚਨਾ ਕਰਦੇ ਹਨ। ਇਸ ਤਰ੍ਹਾਂ ਹੌਲੀ-ਹੌਲੀ ਬੱਚੇ ਅੱਖਰਾਂ ਤੋਂ ਸ਼ਬਦ ਤੇ ਸ਼ਬਦਾਂ ਤੋਂ ਵਾਕਾਂ ਤੱਕ ਲਿਖਣਾ ਆਰੰਭ ਕਰ ਦਿੰਦੇ ਹਨ।

(iii) ਸੁਲੇਖ ਕਾਪੀ ਦੀ ਵਰਤੋਂ: ਅੱਖਰ ਰਚਨਾ ਲਈ ਸੁਲੇਖ ਕਾਪੀ ਦੀ ਵਰਤੋਂ ਕੀਤੀ ਜਾਂਦੀਏ। ਇਸ ਕਾਪੀ ਵਿਚ ਉੱਪਰ ਇਕ ਪੰਕਤੀ ਲਿਖੀ ਹੁੰਦੀਏ, ਬਾਕੀ ਪੰਨਾ ਖਾਲੀ ਹੁੰਦਾਏ। ਇਸ ਪੰਕਤੀ ਦੀ ਨਕਲ ਕਰਕੇ ਬੱਚਾ ਅੱਖਰ ਲਿਖਣਾ ਸਹਿਜੇ ਹੀ ਸਿੱਖ ਲੈਂਦਾਏ।

(2) ਸ਼ਬਦ ਵਿਧੀ : ਇਸ ਵਿਧੀ ਦਾ ਪ੍ਰਯੋਗ ਲਿਖਣ ਕਲਾ ਦੇ ਵਿਕਾਸ ਲਈ ਕੀਤਾ ਜਾਂਦਾ ਹੈ । ਇਸ ਵਿਧੀ ਅਨੁਸਾਰ ਬੱਚੇ ਨੂੰ ਇੱਕ ਤਸਵੀਰ ਦਿਖਾਈ ਜਾਂਦੀ ਹੈ ਅਤੇ ਉਸ ਦੇ ਨਾਲ ਸੰਬੰਧਤ ਸ਼ਬਦਾਂ ਨੂੰ ਬਲੈਕ ਬੋਰਡ ਉੱਤੇ ਲਿਖ ਦਿੱਤਾ ਜਾਂਦਾ ਹੈ । ਵਿਦਿਆਰਥੀਆਂ ਨੂੰ ਉਨ੍ਹਾਂ ਦਾ ਅਨੁਕਰਣ ਕਰਕੇ ਲਿੱਖਣ ਲਈ ਕਿਹਾ ਜਾਂਦਾ ਹੈ । ਜਿਵੇਂ ਕਿ ਸੇਬ, ਹਲ, ਜਲ ਆਦਿ ਤਸਵੀਰ ਦਿਖਾ ਕਿ ਉਸ ਨੂੰ ਲਿਖਣ ਲਈ ਕਿਹਾ ਜਾ ਸਕਦਾ ਹੈ । ਇਹ ਰੋਚਿਕ ਤੇ ਵਧੀਆ ਵਿਧੀ ਹੈ । ਇਸ ਵਿਧੀ ਰਾਹੀਂ ਬੱਚੇ ਲਿਖਣ ਵਿਚ ਦਿਲਚਸਪੀ ਲੈਂਦੇ ਹਨ ਤੇ ਲਿਖਣਾ ਸਿੱਖ ਜਾਂਦੇ ਹਨ ।

(3) ਵਾਕ ਵਿਧੀ : ਇਸ ਵਿਧੀ ਅਨੁਸਾਰ ਬੱਚਿਆਂ ਦੇ ਸਾਹਮਣੇ ਪੂਰਾ ਇਕ ਵਾਕ ਲਿਖ ਦਿੱਤਾ ਜਾਂਦਾਏ । ਬੱਚੇ ਅਨੁਕਰਣ ਦੇ ਆਧਾਰ ਉੱਤੇ ਇੱਕ-ਇੱਕ ਸ਼ਬਦ ਲਿਖਦੇ ਜਾਂਦੇ ਹਨ ਅਤੇਹੌਲ ਵਾਕ ਨਾਲ ਆਪਣੇ ਲਿਖੇ ਅੱਖਰਾਂ ਦੇ ਮਿਲਾਉਂਦੇ ਜਾਂਦੇ ਹਨ ਤੇ ਆਪਣੀਆਂ ਗਲਤੀਆਂ ਨਾਲੋਂ ਨਾਲ ਸੁਧਾਰਦੇ ਜਾਂਦੇ ਹਨ । ਜਦੋਂ ਬੱਚੇ ਸ਼ਬਦ ਲਿਖਣਾ ਸਿੱਖ ਜਾਂਦੇ ਹਨ ਤਾਂ ਉਨ੍ਹਾਂ ਦੇ ਪੂਰਾ ਵਾਕ ਲਿਖਣ ਲਈ ਕਿਹਾ ਜਾਂਦਾਏ । ਇਹ ਵਿਧੀ ਬਹੁਤ ਦੋਸ਼ਪੂਰਣਏ ਕਿਉਂਕਿ ਇਸ ਵਿਧੀ ਰਾਹੀਂ ਬੱਚਿਆਂ ਦੇ ਸ਼ਬਦ ਜੋੜ ਬਹੁਤ ਅਸ਼ੁੱਧ ਹੁੰਦੇ ਹਨ । ਉਨ੍ਹਾਂ ਦਾ ਲਗਾਂਹੈਤਰਾ ਦਾ ਗਿਆਨ ਵੀ ਅਧੂਰਾ ਰਹਿ ਜਾਂਦਾਏ ।

(4) ਅੱਖਰ ਜੁਟ ਵਿਧੀ : ਜਿਨ੍ਹਾਂ ਅੱਖਰਾਂ ਦੀ ਬਣਤਰ ਆਪਸ ਵਿਚ ਮਿਲਦੀਏ । ਉਨ੍ਹਾਂ ਦੇ ਜੁਟ ਬਣਾ ਲਏ ਜਾਂਦੇ ਹਨ । ਇੱਕ ਅੱਖਰ ਲਿਖਣਾ ਸਿਖਾਉਣਹੈਗਰੋਂ, ਉਸ ਅੱਖਰ ਦੀ ਬਣਤਰ ਨਾਲ ਮਿਲਦਾ ਜੁਲਦਾ ਅੱਖਰ ਸਿੱਖਣਾ ਜ਼ਿਆਦਾ ਸੌਖਾ ਹੁੰਦਾਏ, ਜਿਵੇਂ ਹ, ਰ, ਗ

ਮ, ਸ,
ਪ, ਧ, ਖ, ਘ,
ੲ, ਟ, ਦ, ਙ, ਵ,
ਤ, ਡ, ੜ,
ਕ, ਭ,
ਨ, ਲ,

(5) ਪ੍ਰਸਥਾਪਨ ਵਿਧੀ : ਇਸ ਵਿਧੀ ਦਾ ਪ੍ਰਯੋਗ ਕੁਝ ਵੱਡੇ ਬੱਚਿਆਂ ਲਈ ਕੀਤਾ ਜਾ ਸਕਦਾ ਹੈ । ਇਸ ਵਿਧੀ ਅਨੁਸਾਰ ਬੱਚਿਆਂ ਨੂੰ ਇੱਕ ਸ਼ਬਦ ਦੱਸਿਆ ਜਾਂਦਾ ਹੈ ਅਤੇ ਲਿਖਣ ਲਈ ਕਿਹਾ ਜਾਂਦਾ ਹੈ । ਫਿਰ ਉਸੇ ਸ਼ਬਦ ਵਿੱਚ ਵਰਤੇ ਗਏ ਅੱਖਰਾਂ ਨੂੰ ਅੱਗੇ -ਪਿੱਛੇ ਕਰਕੇ ਨਵੇਂ ਸ਼ਬਦ ਬਣਾਉਣ ਲਈ ਅਤੇ ਲਿਖਣ ਲਈ ਕਿਹਾ ਜਾਂਦਾ ਹੈ ਜਿਵੇਂ ਕਿ ਕਲਮ, ਕਮਲ, ਲਮਕ ਆਦਿ । ਇਸ ਵਿਧੀ ਨਾਲ ਬੱਚੇ ਦਾ ਸ਼ਬਦ ਭੰਡਾਰ ਵੀ ਵਧਦਾ ਹੈ ਅਤੇ ਉਸ ਦਾ ਲਿਖਣ ਦਾ ਅਭਿਆਸ ਵੀ ਹੁੰਦਾ ਹੈ ।

(6) ਖੇਡ ਵਿਧੀ : ਇਸ ਵਿਧੀ ਦੀ ਨਿਰਮਾਤਾ ਡਾ.ਹੈਂਟੋਸਰੀਏ । ਛੋਟੇ ਬੱਚਿਆਂ ਦੀ ਉਮਰ ਤੇ ਸ਼ਕਤੀ ਦੇ ਦੇਖਦੇ ਹੋਏ ਇਸ ਵਿਧੀ ਦਾ ਨਿਰਮਾਣ ਕੀਤਾ ਗਿਆਏ । ਉਸ ਅਨੁਸਾਰ ਤਿੰਨ ਸਾਲ ਦੀ ਉਮਰ ਵਿਚ ਬੱਚੇ ਦੇ ਲਿਖਣਾ ਆਰੰਭ ਕਰ ਦੇਣਾ ਚਾਹੀਦਾਏ । ਸਭ ਤੋਂ ਪਹਿਲਾਂ ਬੱਚਿਆਂ ਦੇ ਲੱਕੜੀ ਜਾਂ ਗੱਤੇ ਦੇ ਬਣੇ ਅੱਖਰਾਂ, ਉੱਪਰ ਉਂਗਲਾਂ ਫੇਰਨ ਲਈ ਦਿੱਤੇ ਜਾਣ । ਜਦੋਂ ਉਂਗਲਾਂ ਫੇਰਦੇ-ਫੇਰਦੇ ਬੱਚਿਆਂ ਦੀਆਂ ਉਂਗਲਾਂ ਘਸ ਜਾਂਦੀਆਂ ਹਨ, ਤਾਂ ਉਹ ਆਸਾਨੀ ਨਾਲ ਅੱਖਰ ਲਿਖਣਾ ਸਿੱਖ ਜਾਂਦੇ ਹਨ । ਇਸ ਤੋਂਹੈਗਰੋਂ ਅਧਿਆਪਕ ਗੱਤੇ ਦੇ ਵੱਡੇ ਸਾਰੇ ਟੋਟੇ ਉੱਪਰ ਪੈਨਸਿਲ ਨਾਲ ਗੁਰਮੁਖੀ ਲਿਪੀ ਦੇ ਸਾਰੇ ਅੱਖਰ ਲਿਖ ਦਿੰਦਾਏ । ਬੱਚੇ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਇਹਨਾਂ ਗੱਤੇ ਦੇ ਅੱਖਰਾਂ ਦੇ ਕੱਟ ਲੈਂਦੇ ਹਨ । ਹੁਣ ਬੱਚਿਆਂ ਪਾਸ ਨਿਰੇ ਅੱਖਰ ਹੀ ਰਹਿ ਜਾਂਦੇ ਹਨ । ਇਨ੍ਹਾਂ ਕੱਟੇ ਹੋਏ ਅੱਖਰਾਂ ਹੇਠ ਕਾਗਜ਼ ਰੱਖਕੇ ਖਾਲੀ ਥਾਵਾਂ ਉਪਰ ਪੈਨਸਿਲ ਫੇਰਨ ਨਾਲ ਹੇਠਾਂ ਕਾਗਜ਼ ਉੱਪਰ ਅੱਖਰ ਬਣ ਜਾਣਗੇ । ਇਸ ਤਰ੍ਹਾਂ ਅਭਿਆਸ ਰਾਹੀਂ ਬੱਚਾ ਹੋਲੀ-ਹੋਲੀ ਅੱਖਰ ਲਿਖਣਾ ਸਿੱਖ ਜਾਂਦਾਏ । ਇਹ ਢੰਗ ਰੋਚਿਕ ਤਾਂਏ, ਪਰ ਇਸ ਵਿਧੀ ਉੱਤੇ ਮਿਹਨਤ ਬਹੁਤ ਕਰਨੀ ਪੈਂਦੀਏ ਅਤੇ ਖਰਚ ਵੀ ਵੱਧ ਹੁੰਦਾ ਹੈ ।

### 2.3.5 ਲਿਖਤੀ ਕੰਮ ਦੀ ਸੁਧਾਈ

ਬੱਚੇ ਦੇ ਲਿਖਣਾ ਸਿਖਾਉਣਹੈਗਰੋਂ ਉਸ ਦੀ ਲਿਖਤ ਦੀ ਸੁਧਾਈ ਦੀ ਵਾਰੀ ਅਉਂਦੀ ਹੈ । ਇਹ ਕਾਰਜ ਬਹੁਤ ਕਠਿਨ ਹੈ, ਪਰ ਇਹ ਬਹੁਤ ਜਰੂਰੀ ਵੀ ਹੈ । ਆਮ ਤੌਰ ਤੇ ਬੱਚੇ ਹੇਠ ਲਿਖੀਆਂ ਗਲਤੀਆਂ ਕਰਦੇ ਹਨ;

i. ਭੁਲੇਖੇ ਵਾਲੇ ਅੱਖਰ, ਜਿਵੇਂ ਨ, ਣ, ਬ, ਵ, ਪੈਰ ਵਿਚ ਪੈਣ ਵਾਲੇ ਅੱਖਰ ਹ, ਰ, ਵ, ਦੀ ਗਲਤ ਵਰਤੋਂ।
ii. ਅਨੁਨਾਸਿਕ ਅੱਖਰਾਂ ਬਿੰਦੀ, ਟਿੱਪੀ ਦੀ ਗਲਤ ਵਰਤੋਂ।
iii. ਕੋਝੀ ਹੱਥ ਲਿਖਤ ।

ਦੇਖਣ ਵਿਚ ਆਇਆ ਹੈ ਕਿ ਸਕੂਲਾਂ ਵਿਚ ਵਿਦਿਆਰਥੀਆਂ ਦੀ ਲਿਖਤ ਰਚਨਾ ਵਿਚ ਕਈ ਤਰ੍ਹਾਂ ਦੀਆਂ ਤਰੁੱਟੀਆਂ ਪਾਈਆਂ ਜਾਂਦੀਆਂ ਹਨ। ਆਮ ਕਰਕੇ ਸਕੂਲਾਂ ਦੇ ਅਧਿਆਪਕ ਇਹਨਾਂ ਤਰੁੱਟੀਆਂ ਵੱਲ ਲੋੜੀਂਦਾ ਧਿਆਨ ਨਹੀਂ ਦਿੰਦੇ, ਜਦ ਕਿ ਲਿਖਤ ਰਚਨਾ ਦੇ ਅਜਿਹੀਆਂ ਤਰੁੱਟੀਆਂ ਰਹਿਤ ਰੱਖਣਾ ਬਹੁਤ ਜ਼ਰੂਰੀ ਹੈ।ਮੁੱਖ ਤੌਰ ਤੇ ਵਿਦਿਆਰਥੀ ਆਪਣੀਆਂ ਲਿਖਤਾਂ ਵਿਚ ਨਿਮਨ ਤਰ੍ਹਾਂ ਦੀਆਂ ਗਲਤੀਆਂ ਕਰਦੇ ਹਨ:

i. ਸ਼ਬਦ-ਜੋੜਾਂ ਦੀਆਂ ਗਲਤੀਆਂ
ii. ਵਾਕ-ਰਚਨਾ ਦੀਆਂ ਗਲਤੀਆਂ
iii. ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਦੀਆਂ ਗਲਤੀਆਂ
iv. ਤੱਥਾਂ ਦੀਆਂ ਗਲਤੀਆਂ

ਇਹ ਗਲਤੀਆਂ ਲਾਪਰਵਾਹੀ, ਅਗਿਆਨਤਾ, ਕਾਹਲ ਅਤੇ ਅਧਿਐਨ ਦੀ ਘਾਟ ਕਾਰਨ ਕਰਦੇ ਹਨ। ਕੁੱਝ ਗਲਤੀਆਂ ਲਈ ਦੂਜੀਆਂ ਭਾਸ਼ਾਵਾਂ ਵੀ ਜ਼ਿੰਮੇਵਾਰ ਬਣਦੀਆਂ ਹਨ।

ਭਾਸ਼ਾ ਅਧਿਆਪਕਾਂ ਦੇ ਚਾਹੀਦਾ ਹੈ ਕਿ ਲਿਖਤੀ ਕੰਮ ਦੇ ਨਿਯਮਤ ਤੌਰ ਤੇ ਚੈੱਕ ਕਰਦੇ ਰਹਿਣ। ਵਿਦਿਆਰਥੀਆਂ ਦੀਆਂ ਕਾਪੀਆਂ ਬਿਨਾਂ ਖੁੰਝਣ ਤੋਂ ਹਰ ਰੋਜ਼ ਦੇਖੀਆਂ ਜਾਣ ਤੇ ਉਹਨਾਂ ਉੱਪਰ ਹੀ ਗਲਤੀਆਂ ਦੇ ਸੋਧਿਆ ਜਾਵੇ। ਸੁਧਾਈ ਕਰਨ ਲੱਗਿਆਂ ਤੇ ਭੁੱਲਾਂ ਦੀ ਸੋਧ ਦਾ ਅਭਿਆਸ ਕਰਾਉਣ ਲੱਗਿਆਂ ਅਧਿਆਪਕ ਦੇ ਇਹਨਾਂ ਗੱਲਾਂ ਵੱਲ ਉਚੇਚਾ ਧਿਆਨ ਦੇਣ ਦੀ ਲੋੜਏੈ :

i. ਲਾਪਰਵਾਹ ਵਿਦਿਆਰਥੀਆਂ ਦੇ ਸੁਭਾ ਵਿਚ ਲੋੜੀਂਦੇ ਪਰਿਵਰਤਨ ਲਿਆਉਣ ਲਈ ਕਦਮ ਚੁੱਕੇ ਜਾਣ।
ii. ਵਿਦਿਆਰਥੀਆਂ ਦਾ ਉਚਾਰਣ ਸ਼ੁੱਧ ਕਰਨ ਲਈ ਜਮਾਤ ਵਿਚ ਗੱਲਬਾਤ ਦੌਰਾਨ ਅਤੇ ਉੱਚੀ ਪਾਠ ਦੌਰਾਨ ਸਾਵਧਾਨੀ ਤੋਂ ਕੰਮ ਲਿਆ ਜਾਵੇ ਤੇ ਸ਼ੁੱਧ ਉਚਾਰਨ ਦਾ ਅਭਿਆਸ ਕਰਾਇਆ ਜਾਵੇ।
iii. ਲਗਾਂ ਤੇ ਸ਼ਬਦ ਦੀਆਂ ਗਲਤੀਆਂ ਸੁਧਾਈ ਉਪਰੰਤ ਚਾਕ ਬੋਰਡ ਦੀ ਸਹਾਇਤਾ ਨਾਲ ਸ਼ੁੱਧ ਲਿਖਣ ਦਾ ਅਭਿਆਸ ਕਰਾਇਆ ਜਾਵੇ।
iv. ਇਕੋ ਸਮੇਂ ਬਹੁਤ ਸਾਰੀਆਂ ਗਲਤੀਆਂ ਕੱਢਕੇ ਵਿਦਿਆਰਥੀਆਂ ਦਾਹੈਨੋਬਲ ਨਾ ਡੇਗਿਆ ਜਾਵੇ।
v. ਸੁਧਾਈ ਕਰਨ ਸਮੇਂ ਠਰੰਮੇ, ਸਬਰ ਤੇ ਪਿਆਰ ਤੋਂ ਕੰਮ ਲੈਣਾ ਚਾਹੀਦਾ ਹੈ, ਬੇਲੋੜੀ ਝਿੜਕ, ਡਾਂਟ ਤੇ ਕੁੱਟਮਾਰ, ਵਿਦਿਆਰਥੀਆਂ ਦੇ ਅਧਿਆਪਕ ਤੋਂ ਦੂਰ ਲੈ ਜਾਂਦੀ ਹੈ ਤੇ ਲੋੜੀਂਦੇ ਨਤੀਜੇ ਹਾਸਲ ਕਰਨੇ ਔਖੇ ਹੋ ਜਾਂਦੇ ਹਨ।
vi. ਤੱਥਾਂ, ਅੰਕੜਿਆਂ ਆਦਿ ਦੀ ਸੋਧ ਕਰਨ ਸਮੇਂ ਉਚ-ਉਪਾਏ ਦੀਆਂ ਹਵਾਲਾ ਪੁਸਤਕਾਂ ਤੇ ਗਿਆਨ ਕੋਸ਼ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।
vii. ਵਾਕਾਂ ਦੀਆਂ ਗਲਤੀਆਂ ਦੇ ਸੁਧਾਰਨ ਲਈ ਪਹਿਲਾਂਹੈਖਿਕ ਅਭਿਆਸ ਕਰਾਇਆ ਜਾਵੇ।
viii. ਨਵੇਂ ਅਤੇ ਔਖੇ ਸਬਦਾਂ ਦੀਆਂ ਅਰਥਾਂ ਸਮੇਤ ਸੂਚੀਆਂ ਬਣਾਕੇ ਜਮਾਤ ਦੇ ਕਮਰੇ ਵਿਚ ਟੰਗੀਆਂ ਜਾਣ ਜਾਂ ਵਿਦਿਆਰਥੀਆਂ ਦੇ ਲਿਖਣ ਲਈ ਦਿੱਤੀਆਂ ਜਾਣ।
ix. ਸ਼ੁੱਧ ਰਚਨਾਵਾਂ ਦੇ ਨਮੂਨੇ ਵਿਦਿਆਰਥੀਆਂ ਦੇ ਸਨਮੁੱਖ ਰੱਖੇ ਜਾਣ।
x. ਵਿਦਿਆਰਥੀਆਂ ਦੇ ਵਿਸ਼ਾਲ ਅਧਿਐਨ ਕਰਨ ਦੇਹੈਕੇ ਦਿੱਤੇ ਜਾਣ ਅਤੇ ਸਕੂਲ ਲਾਇਬ੍ਰੇਰੀ ਦੀ ਸੁੱਚਜੀ ਵਰਤੋਂ ਕੀਤੀ ਜਾਵੇ।

## 2.3.6 ਮਹੱਤਵ

ਕਿਸੇ ਵੀ ਭਾਸ਼ਾ ਉੱਤੇ ਪੂਰਨ ਅਧਿਕਾਰ ਪ੍ਰਾਪਤ ਕਰਨ ਲਈ, ਉਸ ਭਾਸ਼ਾ ਦੇ ਸੁਣਨਾ ਤੇ ਸਮਝਣਾ, ਬੋਲਣਾ ਤੇ ਪੜ੍ਹਨਾ ਸਿੱਖਣ ਦੀ ਤਰ੍ਹਾਂ ਹੀ, ਲਿਖਣ ਦਾ ਵੀ ਬਹੁਤਹੈਹੱਤਵ ਹੈ। ਇਸਦੀਹੈਹੱਤਤਾ ਦੇ ਅਸੀਂ ਅੱਖੋਂ ਓਹਲੇ ਨਹੀਂ ਕਰ ਸਕਦੇ। ਇਸ ਦਾਹੈਹੱਤਵ ਇਸ ਤਰ੍ਹਾਂ ਹੈ :-

1. ਅਸੀਂ ਜਾਣਦੇ ਹੀ ਹਾ ਕਿਹੈਨੁੱਖ ਦੀ ਯਾਦ ਸ਼ਕਤੀ ਸੀਮਤ ਹੈ ਉਹ ਹਰੇਕ ਗੱਲ ਦੇ ਚੇਤੇ ਨਹੀਂ ਰੱਖ ਸਕਦਾ। ਇਸ ਲਈਹੈਨੁੱਖ ਦੇ ਆਪਣੀਆਂ ਕਈ ਲੋੜੀਂਦੀਆਂ ਗੱਲਾਂ ਦੇ ਯਾਦ ਰੱਖਣ ਲਈ ਲਿਖਤ ਭਾਸ਼ਾ ਦਾ ਪ੍ਰਯੋਗ ਕਰਨਾ ਪੈਂਦਾ ਹੈ।
2. ਸਾਦੇ ਆਪਣੇ ਵਿਚਾਰਾਂ ਅਤੇ ਭਾਵਾਂ ਦੇ ਸੁਰੱਖਿਅਤ ਰੱਖਣ ਲਈ ਵੀ ਲਿਖਤ ਭਾਸ਼ਾ ਦੀ ਲੋੜ ਹੁੰਦੀ ਹੈ।
3. ਆਧੁਨਿਕ ਜੀਵਨ ਵਿੱਚ ਕੇਵਲ ਭਾਸ਼ਾ ਦੇਹੈਖਿਕ ਰੂਪ ਨਾਲ ਹੀ ਕੰਮ ਨਹੀਂ ਚਲਾਇਆ ਜਾ ਸਕਦਾ। ਸਾਡਾ ਜੀਵਨ ਐਨਾ ਗੁੰਝਲਦਾਰ ਤੇ ਫੈਲਿਆ ਹੋਇਆ ਹੈ ਕਿ ਸਾਦੇ ਲਿਖਣ ਕਲਾ ਦੀ ਲੋੜ ਪੈਂਦੀ ਹੀ ਹੈ। ਸਾਡਾ ਕੰਮ ਅਤੇ ਕਾਰੋਬਾਰ ਲਿਖਤ ਭਾਸ਼ਾ ਰਾਹੀਂ ਹੀ ਹੁੰਦਾ ਹੈ।

4. ਕਿਸੇ ਵੀ ਭਾਸ਼ਾ ਉੱਤੇ ਅਧਿਕਾਰ ਪ੍ਰਾਪਤ ਕਰਨ ਲਈ ਉਸਦੇ ਪੜ੍ਹਣ ਦੇ ਨਾਲ-ਨਾਲ ਲਿਖਣਾ ਵੀ ਆਉਣਾ ਚਾਹੀਦਾ ਹੈ ।

5. ਲਿਖਣਾ ਸਵੈ-ਪ੍ਰਗਟਾਵੇ ਦਾ ਸਭ ਤੋਂ ਉੱਤਮ ਸਾਧਨ ਹੈ । ਲਿਖਣ ਤੋਂ ਬਿਨਾਂ ਸਾਹਿਤ ਦੀ ਉਪਜ ਅਸੰਭਵ ਹੈ ।

6. ਬੌਧਿਕ ਵਿਕਾਸ ਲਈ ਵੀ ਲਿਖਣਾ ਜ਼ਰੂਰੀ ਹੈ । ਇਸ ਰਾਹੀਂ ਅਸੀਂ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਹਾਂ ਤੇ ਹੋਰ ਵਿਦਵਾਨਾਂ ਦੇ ਵਿਚਾਰ ਪੁਸਤਕਾਂ, ਰਸਾਲਿਆਂ ਤੇ ਅਖਬਾਰਾਂ ਆਦਿ ਵਿੱਚੋਂ ਪੜ੍ਹ ਸਕਦੇ ਹਾਂ ।

7. ਸਾਡੀ ਸਿੱਖਿਆ ਪ੍ਰਣਾਲੀਹੈੱਖ ਰੂਪ ਵਿੱਚ ਲਿਖਤ ਭਾਸ਼ਾ ਉੱਪਰ ਹੀ ਆਧਾਰਿਤ ਹੈ । ਸਾਰੇ ਵਿਸ਼ਿਆਂ ਦੀਆਂ ਪੁਸਤਕਾਂ, ਪ੍ਰੀਖਿਆਵਾਂ ਤੇ ਹੋਰ ਸਾਰੇ ਕੰਮ ਲਿਖਿਤ ਭਾਸ਼ਾ ਵਿੱਚ ਹੀ ਹੁੰਦੇ ਹਨ ।

8. ਵਿਚਾਰ ਕਰਨ ਅਤੇ ਚਿੰਤਨ ਕਰਨ ਲਈ ਲਿਖਣ ਦਾ ਗਿਆਨ ਵਿਸ਼ੇਸ਼ ਤੌਰ ਤੇ ਸਹਾਇਕ ਹੁੰਦਾ ਹੈ ।

9. ਲਿਖਣ ਨਾਲ ਬੱਚਿਆਂ ਦੀਆਂ ਉਂਗਲੀਆਂ ਤੇਹੈਸਪੇਸ਼ੀਆਂਹੈਜ਼ਬੂਤ ਬਣਦੀਆਂ ਹਨ । ਲਿਖਣ ਸਮੇਂ ਹੱਥਾਂ ਤੇ ਦਿਮਾਗ ਦੀ ਕਸਰਤ ਨਾਲੋ-ਨਾਲ ਹੁੰਦੀ ਰਹਿੰਦੀ ਹੈ ।

10. ਲਿਖਣ ਕਲਾ ਭਾਸ਼ਾ ਦੇ ਸਥਾਈ ਰੂਪ ਪ੍ਰਦਾਨ ਕਰਦੀ ਹੈ । ਅੱਜਕਲ੍ਹ ਵਿਸ਼ਵ ਦੀਆਂ ਕਈ ਅਜਿਹੀਆਂ ਭਾਸ਼ਾਵਾਂ ਵੀ ਹਨ ਜੋ ਬੋਲਣ ਦੇ ਤੌਰ ਤੇ ਖ਼ਤਮ ਹੋ ਗਈਆਂ ਹਨ ਪਰੰਤੂ ਲਿਖਣ ਕਲਾ ਕਰਕੇ ਹੀ ਲਿਖਿਤ ਰੂਪ ਵਿੱਚ ਜੀਵਿਤ ਹਨ ।

11. ਸਾਦੇ ਆਪਣੇ ਦੇਸ਼ ਦੀ ਸੰਸਕ੍ਰਿਤੀ ਬਾਰੇ ਗਿਆਨ ਲਿਖਣ ਕਲਾ ਦੇਹੈਾਧਿਅਮ ਕਰਕੇ ਹੀ ਹੋਇਆ ਹੈ । ਜੇਕਰ ਲਿਖਣ ਕਲਾ ਨਾ ਹੁੰਦੀ ਤਾਂ ਪ੍ਰਾਚੀਨ ਧਾਰਮਿਕ ਤੇ ਰਾਜਨੀਤਿਕ ਗ੍ਰੰਥ ਸਾਡੇ ਸਾਹਮਣੇ ਨਾ ਆ ਸਕਦੇ ।

12. ਸੰਸਾਰ ਦੇ ਭਿੰਨ-ਭਿੰਨ ਦੇਸ਼ਾਂ ਵਿਚਕਾਰ ਆਪਸੀ ਸੰਬੰਧ ਲਿਖਿਤ ਭਾਸ਼ਾ ਦੇਹੈਾਧਿਅਮ ਦੁਆਰਾ ਹੀ ਸਥਾਪਿਤ ਹੁੰਦੇ ਹਨ ।

ਇਸ ਪ੍ਰਕਾਰ ਲਿਖਣ ਕੌਸ਼ਲ ਤੋਂ ਬਿਨਾਂ ਭਾਸ਼ਾ ਦਾ ਗਿਆਨ ਅਧੂਰਾ ਰਹਿ ਜਾਂਦਾ ਹੈ । ਇਸ ਲਈ ਲਿੱਪੀ ਸਿੱਖਿਆ, ਭਾਸ਼ਾ ਸਿੱਖਿਆ ਦਾ ਇਕ ਜ਼ਰੂਰੀ ਤੇ ਅਨਿੱਖੜਵਾਂ ਅੰਗ ਹੈ ।

### 2.3.7 ਸੁਧਾਈ ਦੇ ਢੰਗ :

ਲਿਖਤ ਰਚਨਾ ਦੇ ਕੰਮ ਦੀ ਸੁਧਾਈ ਕਰਨ ਲਈ ਅਧਿਆਪਕ ਹੇਠ ਲਿਖੀਆਂ ਵਿਧੀਆਂ ਤੇ ਸਾਵਧਾਨੀਆਂ ਵਰਤ ਸਕਦਾ ਹੈ ।

1. **ਵਿਦਿਆਰਥੀਆਂ ਵੱਲੋਂ ਸਵੈ-ਸੁਧਾਈ** : ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਬੱਚੇ ਜੋ ਕੰਮ ਆਪ ਆਪਣੀ ਜ਼ਿੰਮੇਵਾਰੀ ਨਾਲ ਕਰਦੇ ਹਨ, ਉਹ ਵਧੇਰੇ ਅਸਰਦਾਇਕ ਰਹਿੰਦਾ ਹੈ । ਪੀ.ਜੇ. ਹਾਰਟੋਗ (P.J. Hartog) ਇਸ ਵਿਚਾਰ ਦਾ ਸਮਰਥਕ ਹੈ । ਉਸ ਅਨੁਸਾਰ ਜਿੱਥੋਂ ਤੱਕ ਹੋ ਸਕੇ, ਬੱਚਿਆਂ ਦੇ ਆਪਣੇ ਲਿਖਤੀ ਕੰਮ ਦੀ ਸੁਧਾਈ ਆਪ ਕਰ ਲੈਣੀ ਚਾਹੀਦੀ ਹੈ । ਬੱਚੇ ਦੀ ਲਿਖਤ ਵਿੱਚ ਬਹੁਤ ਸਾਰੀਆਂ ਅਜਿਹੀਆਂ ਗਲਤੀਆਂ ਹੁੰਦੀਆਂ ਹਨ ਜੋ ਕਿ ਉਸ ਦੀ ਲਾਪਰਵਾਹੀ ਸਦਕਾ ਹੋਈਆਂ ਹੁੰਦੀਆਂ ਹਨ । ਅਜਿਹੀਆਂ ਗਲਤੀਆਂ ਦੇ ਜੇਕਰ ਉਹ ਥੋੜ੍ਹੇ ਜਿਹੇ ਧਿਆਨ ਨਾਲ ਲਿਖ ਕੇ ਦੁਬਾਰਾ ਪੜ੍ਹ ਲੈਣ ਤਾਂ ਉਹਨਾਂ ਦੇ ਸੁਧਾਰਿਆ ਜਾ ਸਕਦਾ ਹੈ । ਅਜਿਹੀਆਂ ਗਲਤੀਆਂ ਵਿੱਚ ਵਾਕ-ਬਣਤਰ, ਵਿਆਕਰਣ ਤੇ ਸ਼ਬਦ-ਜੋੜਾਂ ਦੀਆਂ ਗਲਤੀਆਂ ਹੁੰਦੀਆਂ ਹਨ । ਜੇਕਰ ਬੱਚਿਆਂ ਦੇ ਥੋੜ੍ਹੀ ਜਿਹੀ ਟਰੇਨਿੰਗ ਦੇ ਦਿੱਤੀ ਜਾਵੇ, ਤਾਂ ਸਹਿਜੇ ਹੀ ਉਹ ਇਸ ਕੰਮ ਵਿੱਚ ਨਿਪੁੰਨ ਹੋ ਸਕਦੇ ਹਨ ਅਤੇ ਇਸ ਵਿਧੀ ਰਾਹੀਂ ਅਧਿਆਪਕ ਦਾ ਕੰਮ ਕਾਫ਼ੀ ਘੱਟ ਸਕਦਾ ਹੈ ।

2. **ਸੁਧਾਈ ਬੱਚੇ ਦੇ ਸਾਹਮਣੇ** : ਲਿਖਤ ਕੰਮ ਦੀ ਸੁਧਾਈ, ਜਿੱਥੋਂ ਤੱਕ ਸੰਭਵ ਹੋਵੇ, ਬੱਚੇ ਦੇ ਸਾਹਮਣੇ ਕਰਨੀ ਚਾਹੀਦੀ ਹੈ । ਅਜਿਹਾ ਕਰਨ ਨਾਲ ਬੱਚਿਆਂ ਦੇ ਆਪਣੀਆਂ ਗਲਤੀਆਂ ਦਾ ਪਤਾ ਲੱਗ ਜਾਂਦਾ ਹੈ ਤੇ ਉਹ ਅੱਗੇ ਤੋਂ ਉਹੀ ਗਲਤੀਆਂ ਨਹੀਂ ਕਰਦੇ । ਪਰੰਤੂ ਜੇਕਰ ਜਮਾਤ ਵੱਡੇ ਆਕਾਰ ਦੀ ਹੋਵੇ ਤਾਂ ਸਾਰੇ ਬੱਚਿਆਂ ਦੀਆਂ ਗਲਤੀਆਂ ਉਹਨਾਂ ਸਾਹਮਣੇ ਨਹੀਂ ਕੱਢੀਆਂ ਜਾ ਸਕਦੀਆਂ ਤੇ ਅਧਿਆਪਕ ਦੇ ਸੁਧਾਈ ਲਈ ਕਾਪੀਆਂ ਘਰ ਲਿਜਾਣੀਆਂ ਪੈਂਦੀਆਂ ਹਨ ਪਰ ਅਜਿਹੀ ਹਾਲਤ ਵਿੱਚ ਅਗਲੇ ਦਿਨ ਅਧਿਆਪਕ ਦੇ ਇੱਕ-ਇੱਕ ਬੱਚੇ ਦੇ ਆਪਣੇ ਕੋਲ ਬੁਲਾ ਕੇ ਉਹਨਾਂ ਦੀਆਂ ਗਲਤੀਆਂ ਦੱਸਣੀਆਂ ਚਾਹੀਦੀਆਂ ਹਨ । ਅਜਿਹਾ ਕਰਨ ਨਾਲ ਸਮੇਂ ਦੀ ਬੱਚਤ ਹੋ ਜਾਂਦੀ ਹੈ ।

3. **ਚਿੰਨ੍ਹਾਂ ਦਾ ਪ੍ਰਯੋਗ** : ਇਹ ਵਿਧੀ ਕੁਝ ਹੱਦ ਤੱਕ ਹਾਰਟੋਗ ਦੀ ਸਵੈ-ਸੁਧਾਈ ਵਿਧੀ ਦੇ ਨਾਲ ਹੀ ਮਿਲਦੀ-ਜੁਲਦੀ ਹੈ । ਇਸ ਵਿਧੀ ਅਨੁਸਾਰ ਅਧਿਆਪਕ ਕੁਝ ਚਿੰਨ੍ਹ ਨਿਯਤ ਕਰ ਲੈਂਦਾ ਹੈ ਤੇ ਬੱਚੇ ਦੀ ਲਿਖਤ ਪੜ੍ਹਦਿਆਂ ਹੋਇਆ ਉਹ ਗਲਤੀਆਂ ਦੇ ਹੇਠਾਂ ਲਾਲ ਪੈੱਨ ਨਾਲ ਲਕੀਰ ਖਿੱਚ ਕੇ ਹਾਸ਼ੀਏ ਵਿੱਚ ਗਲਤੀ ਨਾਲ ਸੰਬੰਧਿਤ ਚਿੰਨ੍ਹ ਪਾ ਦਿੰਦਾ ਹੈ ।

ਇਹ ਚਿੰਨ੍ਹ ਕਈ ਪ੍ਰਕਾਰ ਦੇ ਹੋ ਸਕਦੇ ਹਨ। ਜਿਵੇਂ:

| | | |
|---|---|---|
| ਸ਼ | - | ਸ਼ਬਦ-ਜੋੜ ਦੀ ਗਲਤ |
| ਵਿ | - | ਵਿਆਕਰਣ ਦੀ ਗਲਤੀ |
| ? | - | ਅਸਪੱਸ਼ਟ |
| ^ | - | ਕੁਝ ਰਹਿ ਗਿਆ |
| ਜਜ | - | ਨਵਾਂ ਪੈਰ੍ਹਾ ਬਣਾਓ |
| ਭਾ | - | ਭਾਸ਼ਾ ਅਸ਼ੁੱਧ ਹੈ। ਆਦਿ |

ਇਹਨਾਂ ਚਿੰਨ੍ਹਾਂ ਦੀ ਸਹਾਇਤਾ ਨਾਲ ਬੱਚਿਆਂ ਦੇ ਆਪਣੀ ਗਲਤੀ ਦਾ ਪਤਾ ਲੱਗ ਜਾਂਦਾ ਹੈ ਤੇ ਉਹ ਆਪਣੇ ਯਤਨਾਂ ਰਾਹੀਂ ਸੁਧਾਈ ਕਰ ਲੈਂਦੇ ਹਨ। ਇਹ ਵਿਧੀ ਵੀ ਅਧਿਆਪਕ ਦੇ ਕੰਮ ਦੇ ਘਟਾਉਣ ਵਾਲੀ ਹੈ।

4. **ਇੱਕੋ ਸਮੇਂ ਬਹੁਤੀਆਂ ਗਲਤੀਆਂ ਕੱਢਣ ਤੋਂ ਗੁਰੇਜ਼** : ਅਧਿਆਪਕ ਦੇ ਚਾਹੀਦਾ ਹੈ ਕਿ ਉਹ ਇੱਕੋ ਸਮੇਂ ਬਹੁਤੀਆਂ ਗਲਤੀਆਂ ਨਾ ਕੱਢੇ। ਇਸ ਤਰ੍ਹਾਂ ਇੱਕੋ ਸਮੇਂ ਬਹੁਤ ਸਾਰੀਆਂ ਗਲਤੀਆਂ ਕੱਢ ਕੇ ਕਾਪੀ ਦੇ ਲਾਲੋ-ਲਾਲ ਕਰ ਦੇਣ ਨਾਲ ਬੱਚਿਆਂ ਦਾ ਹੌਂਸਲਾ ਢੱਠ ਜਾਂਦਾ ਹੈ। ਇਸਦੇ ਨਾਲ ਹੀ ਬੱਚਾ ਇੱਕੋ ਵੇਲੇ ਸਾਰੀਆਂ □ਲਤੀਆਂ ਦੇ ਦੂਰ ਨਹੀਂ ਕਰ ਸਕਦਾ। ਅਜਿਹੀ ਹਾਲਤ ਵਿੱਚ ਚੰਗਾ ਤਰੀਕਾ ਇਹ ਹੈ ਕਿ ਕੇਵਲ ਓਨੀਆਂ ਹੀ ਗਲਤੀਆਂ ਕੱਢੀਆਂ ਜਾਣ, ਜਿੰਨੀਆਂ ਕੁ ਬੱਚਾ ਸਮਝ ਸਕੇ ਤੇ ਸੌਖੀ ਤਰ੍ਹਾਂ ਅਭਿਆਸ ਰਾਹੀਂ ਠੀਕ ਕਰ ਸਕੇ।

5. **ਸੁਧਾਈ ਨਾਲੋ-ਨਾਲ ਕਰਨੀ** : ਆਮਤੌਰ ਤੇ ਵੇਖਣ ਵਿੱਚ ਆਉਂਦਾ ਹੈ ਕਿ ਕਈ ਅਧਿਆਪਕ ਕਈ-ਕਈਹੈਹੀਨੇ ਲਿਖਤ ਕੰਮ ਦੀ ਸੁਧਾਈ ਨਹੀਂ ਕਰਦੇ। ਇਸ ਲਈ ਲਿਖਤ ਰਚਨਾ ਤੇ ਲਿਖਤ ਕੰਮ ਦੀ ਸੁਧਾਈ ਵਿੱਚ ਵਧੇਰੇ ਅੰਤਰ ਪੈਣ ਨਾਲ ਬੱਚਿਆਂ ਦਾ ਉਤਸ਼ਾਹ ਘੱਟ ਜਾਂਦਾ ਹੈ। ਇਸੇ ਲਈ ਬੱਚਿਆਂ ਦੇ ਕੰਮ ਦੀ ਸੁਧਾਈ ਨਾਲੋ-ਨਾਲ ਕਰਨੀ ਚਾਹੀਦੀ ਹੈ ਤੇ ਬੱਚੇ ਦੇ ਅਭਿਆਸ ਦੁਆਰਾ ਗਲਤੀਆਂ ਦੇ ਦੂਰ ਕਰਵਾਉਣ ਦੇ ਯਤਨ ਕਰਨੇ ਚਾਹੀਦੇ ਹਨ।

6. **ਅਭਿਆਸ ਕਰਵਾਉਣੇ** : ਲਿਖਤ ਕੰਮ ਵਿੱਚ ਕੇਵਲ ਗਲਤੀਆਂ ਕੱਢ ਕੇ ਹੀ ਨਹੀਂ ਛੱਡ ਦੇਣਾ ਚਾਹੀਦਾ ਬਲਕਿ ਬੱਚਿਆਂ ਦੇ ਗਲਤੀਆਂ ਦੇ ਸੋਧ ਕੇ ਲਿਖਣ ਦੇ ਅਭਿਆਸ ਵੀ ਕਰਵਾਉਣੇ ਚਾਹੀਦੇ ਹਨ। ਇਸ ਲਈ ਅਧਿਆਪਕ ਦੇ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਲਿਖਤ ਤੋਂ ਬਾਅਦ ਇੱਕ ਪੰਨਾ ਖਾਲੀ ਛੁਡਵਾ ਲੈਣ ਤਾਂ ਜੋ ਉਸ ਉੱਪਰ ਗਲਤੀਆਂ ਦਾ ਅਭਿਆਸ ਕਰਵਾਇਆ ਜਾ ਸਕੇ ਜਾਂ ਕਈ ਅਧਿਆਪਕ ਤਾਂ ਅਭਿਆਸ ਲਈ ਅਲੱਗ ਕਾਪੀ ਹੀ ਲਗਾਉਣ ਲਈ ਕਹਿੰਦੇ ਹਨ ਪਰੰਤੂ ਕੇਵਲ ਕਾਪੀ ਲਗਵਾਉਣ ਜਾਂ ਪੰਨਾ ਖਾਲੀ ਛੁਡਵਾਉਣ ਨਾਲ ਹੀ ਗਲਤੀਆਂ ਨਹੀਂ ਸੁਧਰ ਸਕਦੀਆਂ। ਇਸ ਲਈ ਅਧਿਆਪਕ ਦੇ ਇਹ ਵੀ ਦੇਖਣਾ ਚਾਹੀਦਾ ਹੈ ਕਿ ਬੱਚੇ ਨੇ ਗਲਤੀਆਂ ਦਾ ਲੋੜੀਂਦਾ ਸੁਧਾਰ ਕੀਤਾ ਵੀ ਹੈ ਜਾਂ ਨਹੀਂ।

7.**ਹੈਖਿਕ ਅਭਿਆਸ** : ਰਾਇਬਰਨ ਕਹਿੰਦਾ ਹੈ ਕਿ ਜੇਕਰ ਬੱਚੇ ਲਿਖਤ ਵਿੱਚ ਵਧੇਰੇ ਗਲਤੀਆਂ ਕਰਦੇ ਹਨ ਤਾਂ ਇਸ ਦਾ ਅਰਥ ਹੈ ਕਿ ਬੱਚਿਆਂ ਨੇ ਜ਼ਬਾਨੀ ਕੰਮ ਧਿਆਨ ਨਾਲ ਨਹੀਂ ਕੀਤਾ। ਇਸ ਲਈ ਲਿਖਤ ਰਚਨਾ ਦਾ ਕੰਮ ਕਰਵਾਉਣ ਤੋਂ ਪਹਿਲਾਂ ਬੱਚਿਆਂ ਦੇਹੈਖਿਕ ਅਭਿਆਸ ਕਰਵਾਉਣਾ ਚਾਹੀਦਾ ਹੈ।ਹੈਖਿਕ ਅਭਿਆਸ ਰਾਹੀਂ ਸ਼ਬਦਾਂ ਤੇਹੈਹਾਵਰਿਆਂ ਦੀ ਠੀਕ ਠੁੱਕ ਤੇ ਉਹਨਾਂ ਦੀ ਠੀਕ ਵਰਤੋਂ ਪਹਿਲਾਂ ਹੀ ਸਿਖਾਈ ਜਾ ਸਕਦੀ ਹੈ। ਅਜਿਹਾ ਕਰਨ ਨਾਲ ਬੱਚਿਆਂ ਦੀ ਲਿਖਤ ਵਿੱਚ ਗਲਤੀਆਂ ਦੀ ਸੰਭਾਵਨਾ ਘੱਟ ਜਾਂਦੀ ਹੈ।

8. **ਵਿਸ਼ੇ ਵਸਤੂ ਦੀ ਸੁਧਾਈ** : ਆਮਤੌਰ ਤੇ ਇਹ ਵੇਖਣ ਵਿੱਚ ਆਉਂਦਾ ਹੈ ਕਿ ਅਧਿਆਪਕ ਬੱਚਿਆਂ ਦੀਆਂ ਕਾਪੀਆਂ ਵਿੱਚੋਂ ਸ਼ਬਦ-ਜੋੜਾਂ, ਵਿਆਕਰਣ, ਵਿਸ਼ਰਾਮ ਚਿੰਨ੍ਹਾਂ ਆਦਿ ਦੀਆਂ ਗਲਤੀਆਂ ਤਾਂ ਠੀਕ ਕਰ ਦਿੰਦੇ ਹਨ ਪਰੰਤੂ ਰਚਨਾ ਦੇ ਵਿਸ਼ੇ ਵੱਲ ਧਿਆਨ ਨਹੀਂ ਦਿੰਦੇ। ਲਿਖਤ ਦੇ ਪ੍ਰਭਾਵਸ਼ਾਲੀ ਬਣਾਉਣ ਲਈ ਬੱਚਿਆਂ ਦੀਆਂ ਕੇਵਲ ਭਾਸ਼ਾ ਦੀਆਂ ਗਲਤੀਆਂ ਦੇ ਹੀ ਸੁਧਾਰਨਾ ਕਾ□ੀ ਨਹੀਂ ਸਗੋਂ ਰਚਨਾ ਦੇ ਵਿਸ਼ਾ ਵਸਤ ਦਾ ਵੀਹੈਲਾਂਕਣ ਕਰਨਾ ਚਾਹੀਦਾ ਹੈ ਤੇ ਲੋੜੀਂਦੇ ਸੁਝਾਅ ਦੇਣੇ ਚਾਹੀਦੇ ਹਨ।

9. **ਆਮ ਗਲਤੀਆਂ ਦੀ ਸੂਚੀ ਬਣਾਉਣੀ** : ਅਧਿਆਪਕ ਦੇ ਚਾਹੀਦਾ ਹੈ ਕਿ ਆਮ ਹੋਣ ਵਾਲੀਆਂ ਗਲਤੀਆਂ ਦੀ ਇਕ ਸੂਚੀ ਬਣਾ ਕੇ ਜਮਾਤ ਵਿੱਚ ਟੰਗ ਦੇਵੇ ਅਤੇ ਇਹਨਾਂ ਬਾਰੇ ਬੱਚਿਆਂ ਦੇ ਪਹਿਲੇ ਹੀ ਦੱਸ ਦੇਵੇ।

10. ਗਲਤੀਆਂ ਦਾ ਨਿਵਾਰਨ ਰਚਨਾਤਮਿਕ ਢੰਗ ਨਾਲ ਕਰਨਾ ਚਾਹੀਦਾ ਹੈ।

11. ਹਰੇਕ ਵਿਦਿਆਰਥੀ ਵੱਲ ਵਿਅਕਤੀਗਤ ਧਿਆਨ ਦੇਣਾ ਚਾਹੀਦਾ ਹੈ। ਲਾਪਰਵਾਹ ਤੇ ਸੁਸਤ

ਬੱਚਿਆਂ ਦੇ ਵੱਖ-ਵੱਖ ਢੰਗਾਂ ਨਾਲ ਸੁਧਾਰਨਾ ਚਾਹੀਦਾ ਹੈ ।

12. ਗਲਤੀ ਦੀ ਸੁਧਾਈ ਸਮੇਂ ਪਿਆਰ ਤੇ ਹਮਦਰਦੀ ਵਾਲਾ ਰਵੱਈਆ ਹੋਣਾ ਚਾਹੀਦਾ ਹੈ ।

13. ਜੇਕਰ ਕੋਈ ਵਿਦਿਆਰਥੀ ਦੁਬਾਰਾ ਓਹੀ ਗਲਤੀ ਕਰਦਾ ਹੈ ਤਾਂ ਉਸਦੇ ਲੋੜਹੈਤਾਬਕ ਸਜ਼ਾ ਵੀ ਦੇਣੀ ਜਾਇਜ਼ ਹੈ ।

ਇਸ ਤਰ੍ਹਾਂ ਉਪਰੋਕਤ ਸਾਧਨਾਂ ਰਾਹੀਂ ਬੱਚਿਆਂ ਦੀ ਲਿਖਤ ਰਚਨਾ ਦੀ ਸੁਧਾਈ ਕੀਤੀ ਜਾ ਸਕਦੀ ਹੈ ਤੇ ਬੱਚਿਆਂ ਦੀ ਲਿਖਤ ਦੇ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ ।

**2.3.8 ਸ਼ਬਦ ਜੋੜਾਂ ਦੀਆਂ ਗਲਤੀਆਂ :**

ਲਿਖਤ ਤੋਂ ਜ਼ਰੂਰੀ ਅੰਗ ਉਸਦਾ ਸ਼ੁੱਧ ਹੋਣਾਏ । ਜੇ ਲਿਖਤ ਵਿਚ ਸ਼ਬਦ ਜੋੜਾਂ ਦੀਆਂ ਗਲਤੀਆਂ ਹਨ ਜਾਂ ਅਸਮਾਨਤਾਏ, ਤਾਂ ਅਸਲੀ ਅਰਥਾਂ ਦੇ ਅਰਥ ਹੋਰ ਹੀ ਹੋ ਜਾਂਦੇ ਹਨ ਤੇ ਲਿਖਣ ਵਾਲੇ ਵਿਅਕਤੀ (ਵਿਦਿਆਰਥੀ) ਦੀ ਅਜਿਹੀ ਗਲਤੀ ਦੇਹੈਫ ਨਹੀਂ ਕੀਤਾ ਜਾ ਸਕਦਾ । ਇਸੇ ਕਾਰਨ ਭਾਸ਼ਾ ਸਿੱਖਿਆ ਵਿਚ ਸ਼ੁੱਧ ਸ਼ਬਦ ਜੋੜਾਂ ਦੀ ਵਰਤੋਂ ਉੱਪਰ ਵਿਸ਼ੇਸ਼ ਬਲ ਦੇਣ ਦੀ ਗੱਲ ਕੀਤੀ ਜਾਂਦੀਏ । ਸ਼ਬਦ ਜੋੜਾਂ ਲਈ ਸੰਵੇਦਨਸ਼ੀਲ ਕੰਨਾਂ, ਤੀਖਣ ਨਜ਼ਰ ਤੇ ਹੱਥਾਂ ਦੀਆਂਹੈਸਪੇਸ਼ੀਆਂ ਦੀ ਇਕਸੁਰਤਾ ਜ਼ਰੂਰੀਏ । ਜੋ ਇਹਨਾਂ ਦੀ ਸੁਚੱਜੀ ਸਿਖਲਾਈ ਅਭਿਆਸ ਦੁਆਰਾ ਹਾਸਲ ਕੀਤੀ ਜਾ ਸਕਦੀਏ । ਗਲਤ ਸ਼ਬਦ ਜੋੜਾਂ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ ।

i. ਲਾਪਰਵਾਹੀ : ਕਿਸੇ ਵਿਦਿਆਰਥੀ ਦੇ ਸ਼ਬਦ ਜੋੜ ਗਲਤ ਹੋਣ ਦਾ ਵੱਡਾ ਕਾਰਨ ਉਸ ਦਾ ਲਾਪਰਵਾਹੀ ਵਾਲਾ ਵਤੀਰਾਏ । ਜੋ ਲਿਖਣ ਸਮੇਂ ਪ੍ਰਗਟ ਹੋ ਜਾਂਦਾਏ । ਸਰਵੇਖਣਾ ਨੇ ਸੰਕੇਤ ਕੀਤੇ ਹਨ ਕਿ ਲਾਪਰਵਾਹ ਵਿਅਕਤੀ ਨਾ ਕੇਵਲ ਸ਼ਬਦ ਜੋੜਾਂ ਦੀਆਂ ਹੀ ਗਲਤੀਆਂ ਕਰਦੇ ਹਨ, ਸਗੋਂ ਆਪਣੇ ਰੋਜ਼ਾਨਾ ਜੀਵਨ ਵਿਚ ਅਨੇਕਾਂ ਕੁਤਾਹੀਆਂ ਕਰਦੇ ਹਨ ਤੇ ਅਕਸਰ ਅਜਿਹੇ ਵਿਦਿਆਰਥੀਆਂ ਦੇ [ਨਾਲਾਇਕ] ਦੀ ਸੂਚੀ ਵਿਚ ਸ਼ਾਮਲ ਕੀਤਾ ਜਾਂਦਾਏ ।

ii. ਸਰੀਰਕ ਨੁਕਸ : ਸੁਣਨ ਅੰਗਾਂ, ਦੇਖਣ ਅੰਗਾਂ, ਉਚਾਰਨ ਅੰਗਾਂ ਦੇ ਨੁਕਸ ਜਾਂ ਦਿਮਾਗੀ ਕਮਜ਼ੋਰੀ ਕਾਰਨ ਵੀ ਵਿਦਿਆਰਥੀਆਂ ਦੇ ਸ਼ਬਦ ਜੋੜ ਗਲਤ ਹੋ ਜਾਂਦੇ ਹਨ । ਅਜਿਹੇ ਨੁਕਸਾਂ ਕਾਰਨ ਵਿਦਿਆਰਥੀ ਭਾਸ਼ਾ ਦੀਆਂ ਧੁਨੀਆਂ ਲਈ ਨਿਸ਼ਚਿਤ ਲਿਪੀ ਚਿੰਨ੍ਹਾਂ ਦੀ ਪਛਾਣ ਕਰਨ ਤੇ ਉਹਨਾਂ ਦੀ ਵਰਤੋਂ ਕਰਨ ਵਿਚ ਉਕਾਈ ਕਰ ਜਾਂਦਾਏ ।

iii. ਵਿਆਕਰਣ ਦੇ ਨਿਯਮਾਂ ਦਾ ਗਿਆਨ ਨਾ ਹੋਣਾ : ਭਾਸ਼ਾ ਦੀ ਵਿਆਕਰਣ, ਉਸ ਭਾਸ਼ਾ ਦੇ ਸ਼ੁੱਧ ਰੂਪ ਵਿਚ ਵਰਤਣ ਦੀ ਜਾਂਚ ਦੱਸਦੀਏ, ਜਿਹੜੇ ਵਿਦਿਆਰਥੀਆਂ ਦੇ ਵਿਆਕਰਣ ਦੇ ਸਾਧਾਰਨ ਨਿਯਮਾਂ ਦਾ ਗਿਆਨ ਨਹੀਂ ਹੁੰਦਾ ਉਹ ਆਮ ਕਰਕੇ ਬੋਲ-ਚਾਲ ਵਿਚ ਤੇ ਲਿਖਣ ਵਿਚ ਗਲਤੀਆਂ ਕਰ ਜਾਂਦਾਏ ।

iv. ਇਲਾਕਾਈ ਭਿੰਨਤਾ : ਆਮ ਕਰਕੇ ਇਹ ਕਿਹਾ ਜਾਂਦਾਏ ਕਿ ਬਾਰਾ ਕੋਹਾਂ ਤੇ ਬੋਲੀ ਬਦਲ ਜਾਂਦੀਏ । ਇਹ ਉਕਤੀ ਭਾਸ਼ਾ ਹੀ ਬੋਲਚਾਲ ਦੇ ਅਜਿਹੇ ਵਖਰੇਵਿਆਂ ਵਲ ਸੰਕੇਤ ਕਰਦੀਏ ਜੋ ਲਿਖਤ ਵਿਚ ਵੀ ਰੂਪਮਾਨ ਹੋ ਜਾਂਦੇ ਹਨ । ਕਈਂ ਵਾਰ ਅਜਿਹੇ ਅੰਤਰਾਂ ਦੇ ਗਲਤ ਨਹੀਂ ਕਿਹਾ ਜਾਂਦਾ, ਸਗੋਂ [ਇਕਸਾਰ ਨਾ ਹੋਣਾ] ਆਖਿਆ ਜਾਂਦਾਏ ।

v. ਅਭਿਆਸ ਦੀ ਕਮੀ : ਸਕੂਲ ਪੱਧਰ ਤੇ ਵਿਦਿਆਰਥੀਆਂ ਵੱਲੋਂ ਸ਼ੁੱਧ ਜੋੜਾਂ ਦਾ ਅਭਿਆਸ ਨਾ ਕਰਨ ਜਾਂ ਘਟ ਕਰਨ ਸਦਕਾ ਉਹਨਾਂ ਦੀ ਲਿਖਤ ਵਿਚ ਅਜਿਹੀਆਂ ਗਲਤੀਆਂ ਹੋ ਜਾਂਦੀਆਂ ਹਨ ਜੋ ਅੱਗੇ ਚਲ ਕੇ ਪੱਕ ਜਾਂਦੀਆਂ ਹਨ ।

vi. ਸਮੁੱਚੇ ਤੋਰ ਤੇ ਪੜ੍ਹਾਈ ਵਿਚ ਕਮਜ਼ੋਰ ਤੇਹੈਂਦਬੁੱਧੀ ਵਿਦਿਆਰਥੀ ਵੀ ਅਕਸਰ ਭਾਸ਼ਾ ਦੀਆਂ ਅਜਿਹੀਆਂ ਗਲਤੀਆਂ ਕਰਦੇ ਹਨ ।

**2.3.9 ਸ਼ਬਦ ਜੋੜਾਂ ਦੇ ਸੁਧਾਰ ਲਈ ਯਤਨ :**

ਵਿਦਿਆਰਥੀਆਂ ਦੇ ਸ਼ਬਦਾਂ-ਜੋੜਾਂ ਵਿਚ ਸੁਧਾਰ ਲਈ ਉੱਪਰ ਦੱਸੇ ਕਾਰਨਾਂ ਦੇ ਦੂਰ ਕਰਨਾ ਹੋਵੇਗਾ, ਜਿੱਥੇ ਕਿਸੇ ਡਾਕਟਰੀ ਸਹਾਇਤਾ ਦੀ ਲੋੜ ਹੋਵੇ, ਉੱਥੇ ਅਧਿਆਪਕ ਦੇ ਲੋੜੀਂਦੇ ਜਤਨ ਕਰਨੇ ਚਾਹੀਦੇ ਹਨ । ਇਹਨਾਂ ਤੋਂ ਇਲਾਵਾ ਹੇਠ ਲਿਖੀਆਂ ਗੱਲਾਂ ਵੱਲ ਵੀ ਧਿਆਨ ਦੇਣ ਨਾਲ ਲੋੜੀਂਦੇ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ:

i. ਜਿਵੇਂ ਬੋਲੋ ਤਿਵੇਂ ਲਿਖੋ : ਪੰਜਾਬੀ ਭਾਸ਼ਾ ਦੀ ਹਰ ਧੁਨੀ ਲਈ ਨਿਸ਼ਚਿਤ ਚਿੰਨ੍ਹਹੈਜੂਦਏ । ਸੋ ਪੰਜਾਬੀ ਦੀਆਂ ਧੁਨੀਆਂ ਦਾ ਸ਼ੁੱਧ ਉਚਾਰਨ ਕੀਤਾ ਜਾਵੇ ਤੇ ਲਿਖਣ ਸਮੇਂ ਉਹਨਾਂ ਧੁਨੀਆਂ ਲਈ ਨਿਸ਼ਚਿਤ ਚਿੰਨ੍ਹਾਂ (ਅੱਖਰਾਂ ਤੇ ਲਗਾਂ, ਲਗਾਤਰਾਂ) ਦੀ ਵਰਤੋਂ ਕੀਤੀ ਜਾਵੇ ।

ii. ਵੇਖ ਲਿਖਤ : ਵਿਦਿਆਰਥੀਆਂ ਦੇ ਦੇਖ ਕੇ ਲਿਖਣ ਦਾ ਲਗਾਤਾਰ ਅਭਿਆਸ ਕਰਾਇਆ ਜਾਵੇ ।

iii. ਬੋਲ ਲਿਖਤ : ਬੋਲ ਲਿਖਤ, ਸ਼ੁੱਧ ਸ਼ਬਦ ਜੋੜਾਂ ਦੇ ਸਿਖਾਉਣ ਲਈ ਉਪਯੋਗੀ ਸਮਝੀ ਗਈਏ।

iv. ਵਿਆਕਰਣ ਦਾ ਗਿਆਨ : ਵਿਆਕਰਣ ਦੇ ਗਿਆਨ ਨਾਲ ਅਨੇਕਾਂ ਗਲਤੀਆਂ ਦਾ ਸੁਧਾਰ ਹੁੰਦਾਏ।

v. ਸ਼ਬਦ ਕੋਸ਼ ਦੀ ਵਰਤੋਂ: ਸ਼ੁੱਧ ਸ਼ਬਦ ਜੋੜਾਂ ਲਈ ਸ਼ਬਦਕੋਸ਼ ਵਿਸ਼ੇਸ਼ ਕਰਕੇ ਸ਼ਬਦ ਜੋੜ ਕੋਸ਼ ਦੀ ਵਰਤੋਂ ਕਰਨੀ ਚਾਹੀਦੀਏ। ਪੰਜਾਬੀ ਯੂਨੀਵਰਸਿਟੀ ਵੱਲੋਂ ਇੱਕ ਸ਼ਬਦ ਜੋੜ ਕੋਸ਼ ਛਾਪਿਆ ਗਿਆ ਹੈ।

vi. ਸ਼ਬਦ ਜੋੜਾਂ ਦੇ ਨਿਯਮਾਂ ਦਾ ਗਿਆਨ : ਅਧਿਆਪਕ ਸ਼ਬਦ ਜੋੜ ਦੇ ਨਿਯਮਾਂ ਦਾ ਗਿਆਨ ਕਰਵਾਏ।

vii. ਲਿਖਤੀ ਕੰਮ ਦੀ ਲਗਾਤਾਰ ਸੁਧਾਈ ਅਤੇ ਵਿਦਿਆਰਥੀਆਂ ਵੱਲ ਵਿਅਕਤੀਗਤ ਧਿਆਨ ਵਿਦਿਆਰਥੀਆਂ ਦੀ ਲਿਖਤ ਦੇ ਦੋਸ਼ ਰਹਿਤ ਤੇ ਸ਼ੁੱਧ ਬਣਾਉਣ ਵਿਚ ਲਾਹੇਵੰਦ ਹੁੰਦੇ ਹਨ।

**2.3.10 ਸਾਰ :**

ਭਾਸ਼ਾ ਸਿੱਖਿਆ ਦੇ ਚਾਰਾ ਹੁਨਰਾਂ : ਸੁਨਣਾ, ਬੋਲਣਾ, ਪੜ੍ਹਨਾ ਤੇ ਲਿਖਣਾ ਵਿਚੋਂ ਲਿਖਣ ਕੌਸ਼ਲ ਦਾ ਆਪਣਾ ਖਾਸਹੈਹੱਤਵ ਹੈ। ਸਾਨੂੰ ਆਪਣੇ ਵਿਚਾਰਾਂ ਨੂੰ ਸੁਰੱਖਿਅਤ ਰੱਖਣ ਲਈ ਲਿਖਤ ਭਾਸ਼ਾ ਦੀ ਲੋੜ ਪੈਂਦੀ ਹੈ। ਪ੍ਰੰਤੂ ਕੰਪਿਊਟਰ ਟਾਈਪ ਅਤੇ ਪ੍ਰੈਸ ਦੀਆਂ ਸਹੂਲਤਾਂ ਵਧਣ ਕਾਰਣ ਅੱਜਕੱਲ ਦੇ ਬੱਚੇ ਦਿਨੋ ਦਿਨ ਆਪਣੀ ਲਿਖਤ ਦੀ ਸੁੰਦਰਤਾ ਪ੍ਰਤੀ ਲਾਹਪਰਵਾਹ ਹੁੰਦੇ ਜਾ ਰਹੇ ਹਨ। ਨਾ ਘਰਾਂ ਵਿੱਚ ਅਤੇ ਨਾ ਹੀ ਸਕੂਲਾਂ ਵਿੱਚ ਇਸ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਬੱਚਿਆਂ ਦੀ ਲਿਖਤ ਨੂੰ ਸੁਧਾਰਨ ਲਈ ਅਧਿਆਪਕ ਨੂੰ ਸੁਤੰਤਰ ਵਾਤਾਵਰਣ, ਨਿਰੰਤਰ ਕਾਰਜਸ਼ੀਲਤਾ ਹਮਦਰਦੀ ਭਰਿਆਹੈਹੋਲ ਬਣਾਉਣਾ ਚਾਹੀਦਾ ਹੈ। ਅਤੇ ਵੱਖ-ਵੱਖ ਵਿਧੀਆਂ ਰਾਹੀਂ ਬੱਚਿਆਂ ਨੂੰ ਲਿਖਣਾ ਸਿਖਾਉਣਾ ਚਾਹੀਦਾ ਹੈ। ਲਿਖਤੀ ਕੰਮ ਦੀ ਸੁਧਾਈ ਦਾ ਵੀ ਇਸ ਵਿੱਚ ਖਾਸਹੈਹੱਤਵ ਹੈ ਜੇਕਰ ਬੱਚੇ ਦੇ ਲਿਖਤੀ ਕੰਮ ਦੀ ਸੁਧਾਈ ਨਾ ਕੀਤੀ ਜਾਵੇ ਤਾਂ ਬੱਚੇ ਅੱਗੇ ਤੋਂ ਲਾਹਪ੍ਰਵਾਹ ਹੋ ਜਾਣਗੇ ਅਤੇ ਲਿਖਤੀ ਕੰਮ ਠੀਕ ਢੰਗ ਨਾਲ ਨਹੀਂ ਕਰਨਗੇ। ਲਿਖਤੀ ਕੰਮ ਦੀ ਸੁਧਾਈ ਲਈ ਅਧਿਆਪਕਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਬੋਲ ਲਿਖਤ, ਵੇਖ ਲਿਖਤ ਅਤੇ ਵਿਆਕਰਨ ਦੇ ਨਿਯਮਾਂ ਦੇ ਗਿਆਨ ਵੱਲ ਧਿਆਨ ਦੇਣਾ ਸਮੇਂ ਦੀ ਜ਼ਰੂਰਤ ਹੈ। ਜੇ ਵਿਦਿਆਰਥੀ ਵਧੀਆਂ ਸੁਲੇਖ ਲਿਖਣ ਲਗ ਜਾਵੇਗਾ ਤਾਂ ਉਸ ਦੀ ਸਖਸ਼ੀਅਤ ਵਿੱਚ ਵੀ ਸੁਧਾਰ ਆਏਗਾ ਕਿਉਂਕਿ ਲਿਖਣ ਕੋਸ਼ਲ ਤੋਂ ਬਿਨ੍ਹਾਂ ਭਾਸ਼ਾ ਦਾ ਗਿਆਨ ਅਧੂਰਾ ਹੈ।

**2.3.11 ਮੁੱਖ ਬਿੰਦੂ:** ਲਿਖਣਾ ਸਿਖਾਉਣਾ- ਆਪਣੇ ਵਿਚਾਰਾਂ ਨੂੰ ਸੁਰਖਿਅਤ ਰੱਖਣ ਲਈ ਲਿਖਤ ਭਾਸਾ ਦੀ ਲੋੜ ਹੁੰਦੀ ਹੈ।

**2.3.12 ਸਵੈਹੈਲਾਂਕਣ: ਸਹੀ ਗਲਤ ਦੀ ਚੋਣ ਕਰੋ।**

1. ਵਿਦਿਆਰਥੀਆਂ ਅੰਦਰ ਚੰਗੀ ਲਿਖਤ ਦੁਆਰਾ ਵਿਵਹਾਰਿਕ ਜੀਵਨ ਵਿਚ ਨਿਪੁੰਨਤਾ ਪੈਦਾ ਹੁੰਦੀ ਹੈ।
2. ਸਬਦ ਵਿਧੀ ਦਾ ਪ੍ਰਯੋਗ ਲਿਖਣ ਕਲਾ ਦੇ ਵਿਕਾਸ ਲਈ ਕੀਤਾ ਜਾਦਾ ਹੈ।
3. ਪ੍ਰਸਥਾਪਨਾ ਵਿਧੀ ਦਾ ਪ੍ਰਯੋਗ ਛੋਟੇ ਬੱਚਿਆਂ ਲਈ ਕੀਤਾ ਜਾਦਾ ਹੈ।
4. ਖੇਡ ਵਿਧੀ ਦਾ ਨਿਰਮਾਤਾ ਡਾ.ਹੈਂਟੇਸਰੀ ਹੈ।

ਉਤਰ: 1. ਸਹੀ 2. ਸਹੀ 3. ਗਲਤ 4. ਸਹੀ

**2.3.13 ਸੁਝਾਏ ਪ੍ਰਸ਼ਨ :**

1. ਤੁਸੀਂ ਬੱਚਿਆਂ ਦੇ ਲਿਖਣਾ ਸਿਖਾਉਣ ਲਈ ਕਿਹੜੀ-ਕਿਹੜੀ ਵਿਧੀ ਵਰਤੋਗੇ ?
2. ਤੁਸੀਂ ਬੱਚਿਆਂ ਦੀ ਸੁਚੇਜੇ ਸ਼ਬਦ ਜੋੜ ਸੁਧਾਰਨ ਲਈ ਕੀ ਕੀ ਯਤਨ ਕਰੋਗੇ ?
3. ਤੁਸੀਂ ਘਰ ਦੇ ਕੰਮ ਦੀ ਸੁਧਾਈ ਕਿਸ ਢੰਗ ਨਾਲ ਕਰੋਗੇ ?

**2.3.14 ਸੁਝਾਈਆਂ ਪੁਸਤਕਾਂ :**


1. ਡਾ. ਟੀ. ਆਰ. ਸ਼ਰਮਾ : ਮਾਤ ਭਾਸ਼ਾ ਦੀ ਸਿੱਖਿਆ।
2. ਡਾ. ਜਸਵੰਤ ਸਿੰਘ ਜਸ : ਮਾਤ ਭਾਸ਼ਾ ਦੀ ਸਿੱਖਿਆ ਵਿਧੀ।
3. ਡਾ. ਇੰਦਰਦੇਵ ਨੰਦਰਾ : ਮਾਤ ਭਾਸ਼ਾ ਦੀ ਸਿੱਖਿਆ ਦਾ ਅਧਿਆਪਨ।
4. ਡਾ. ਹਰਚੰਦ ਸਿੰਘ ਬਰਾੜ : ਮਾਤ ਭਾਸ਼ਾ (ਪੰਜਾਬੀ) ਦੀ ਸਮੱਰਥਾ।
5. ਸੁਖਵਿੰਦਰ ਸਿੰਘ ਸੇਖੋਂ : ਪੰਜਾਬੀ ਭਾਸ਼ਾ ਦਾ ਅਧਿਆਪਨ

| | | | |
|---|---|---|---|
| 6. | W. S. Grey | : | Teaching of Reading andJ?riting. |
| 7. | UNESCO | : | Teaching of Handwriting. |

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.